Postal No. - Jallandhar Vide No. L-4/PB/0196/Lobana Sewak/0196/2022-2023

Regd No. 32212/78

# ਲੁਬਾਣਾ ਸੇਵਕ

ਜਨਵਰੀ 2023 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ



ਸਰਬੰਸਦਾਨੀ, ਸਾਹਿਬ-ਏ-ਕਮਾਲ, ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਸੰਨ 1666 ਈ: ਨੂੰ ਨੌਵੇਂ ਨਾਨਕ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ। ਜਦੋਂ ਗੁਰੂ ਸਾਹਿਬ ਦਾ ਜਨਮ ਹੋਇਆ ਤਾਂ ਉਸ ਸਮੇਂ ਸੰਸਾਰ ਵਿਚ ਅਨਿਆਂ ਅਤੇ ਜਬਰ-ਜ਼ੁਲਮ ਦਾ ਬੋਲਬਾਲਾ ਸੀ।

ਆਪ ਜੀ ਦੇ ਜਨਮ ਸਮੇਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੰਗਾਲ ਪ੍ਰਾਂਤ (ਢਾਕਾ) ਵਿਖੇ ਜਾ ਰਹੇ ਸਨ ਅਤੇ ਬੱਚੇ ਦੇ ਜਨਮ ਦੀ ਖ਼ਬਰ ਮਿਲਦਿਆਂ ਸਾਰ ਹੀ ਆਪ ਜੀ ਨੇ ਸੰਦੇਸ਼ ਭੇਜ ਕੇ ਕਿਹਾ ਕਿ ਬਾਲਕ ਦਾ ਨਾਮ 'ਗੋਬਿੰਦ ਰਾਏ' ਰੱਖਿਆ ਜਾਵੇ। ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਆਪ ਦਾ ਪੂਰਾ ਧਿਆਨ ਰੱਖ ਰਹੇ ਸਨ ਅਤੇ ਚਾਰ-ਪੰਜ ਸਾਲ ਆਪ ਪਟਨਾ ਵਿਖੇ ਹੀ ਰਹੇ। ਆਪ ਜੀ ਨੇ ਬਿਹਾਰੀ ਬੋਲੀ ਬਚਪਨ ਦੇ ਸਾਥੀਆਂ ਕੋਲੋਂ ਤੇ ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਤੋਂ ਆਪ ਨੇ ਪੰਜਾਬੀ ਬੋਲੀ ਸਿਖੀ।

ਜਦੋਂ ਆਪ ਜੀ ਥੋੜ੍ਹੇ ਵੱਡੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਬੱਚਿਆਂ ਦੀਆਂ ਦੋ ਢਾਣੀਆਂ ਬਣਾ ਕੇ ਲੜਾਈ ਲੜਨ ਦੀ ਖੇਡ ਖੇਡਦੇ। ਬਾਲ ਉਮਰ ਵਿਚ ਹੀ ਆਪ ਤੀਰਅੰਦਾਜ਼ੀ ਅਤੇ ਤਲਵਾਰਬਾਜ਼ੀ ਵਿਚ ਮਾਹਿਰ ਬਣ ਗਏ ਸਨ।

ਪਿਤਾ ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਵਾਰ ਬਾਲ ਗੋਬਿੰਦ ਰਾਏ ਨੂੰ ਵੇਖਿਆ ਤਾਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਥੋੜ੍ਹੀ ਦੇਰ ਪਟਨਾ ਰੁਕਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਨੂੰ ਵਾਪਿਸ ਆ ਗਏ। ਗੁਰੂ ਤੇਗ ਬਹਾਦਰ ਜੀ ਨੇ ਜਦ ਪੰਜਾਬ ਦੀ ਹੋਰ ਵਿਗੜਦੀ ਦਸ਼ਾ ਦੇਖੀ ਤਾਂ ਪਰਿਵਾਰ ਨੂੰ ਵਾਪਿਸ ਆਪਣੇ ਕੋਲ ਬੁਲਾਉਣਾ ਹੀ ਠੀਕ ਸਮਝਿਆ ਤਾਂ ਕਿ ਬਾਲਕ ਗੋਬਿੰਦ ਰਾਏ ਦੀ ਸਿੱਖਿਆ ਹੁਣ ਉਹਨਾਂ ਦੀ ਆਪਣੀ ਦੇਖ-ਰੇਖ ਵਿਚ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਦੀ ਉਮਰ ਤੱਕ ਅਰਬੀ, ਫਾਰਸੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ 9 ਸਾਲ ਦੀ ਉਮਰ ਵਿਚ ਆਪ ਨੇ ਆਪਣੇ ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਨੁੱਖਤਾ ਦੀ ਰੱਖਿਆ ਲਈ ਸ਼ਹਾਦਤ ਦੇਣ ਲਈ ਦਿੱਲੀ ਵੱਲ ਤੋਰਿਆ ਤਾਂ ਜੋ ਮਨੁੱਖਤਾ ਅੰਦਰ ਡਰ ਖਤਮ ਕੀਤਾ ਜਾਵੇ ਅਤੇ ਮੁਰਦਾ ਹੋ ਚੁੱਕੀ ਕੌਮ ਵਿਚ ਨਵੀਂ ਰੂਹ ਫੂਕੀ ਜਾਵੇ। ਗੁਰੂ ਸਾਹਿਬ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਿਰਜਣਾ ਕਰਕੇ ਅਜਿਹੇ ਮਰਜੀਵੜਿਆਂ ਦੀ ਕੌਮ ਪੈਦਾ ਕਰਕੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ। ਖ਼ਾਲਸਾ ਪੰਥ ਦੀ ਸਿਰਜਣਾ ਕਰਨ ਸਮੇ ਆਪ ਨੇ ਪੰਜ ਪਿਆਰਿਆਂ ਨੂੰ ਇੱਕੋ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਉਚ-ਨੀਚ ਦਾ ਭੇਦ ਮਿਟਾ ਕੇ ਗਿੱਦੜਾਂ ਤੋਂ ਸ਼ੇਰ ਬਣਾਇਆ। ਇਥੇ ਹੀ ਬਸ ਨਹੀਂ ਸਗੋਂ ਆਪ ਵੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਨੇ ਗੁਰੂ ਚੇਲੇ ਦਾ ਭੇਦ ਭਾਵ ਮਿਟਾ ਦਿੱਤਾ। ਸਦੀਆਂ ਤੋਂ ਬੁਜ਼ਦਿਲ ਸਮਝੇ ਜਾਂਦੇ ਲੋਕਾਂ ਨੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਦੁਸ਼ਮਣਾਂ ਨੂੰ ਜੰਗ ਵਿਚ ਕਰਾਰੀ ਮਾਤ ਦਿੱਤੀ ਜਿਸ ਨਾਲ ਅੱਤਿਆਚਾਰੀ ਮੁਗਲ ਸ਼ਾਸਨ ਦੀਆਂ ਜੜ੍ਹਾਂ ਹਿਲ ਗਈਆਂ।

ਗੁਰੂ ਸਾਹਿਬ ਨੇ ਪਹਿਲਾਂ ਗੁਰੂ ਪਿਤਾ ਗੁਰੂ ਤੇਗ ਬਹਾਦਰ ਜੀ, ਫਿਰ ਮੈਦਾਨ-ਏ-ਜੰਗ ਵਿਚ ਸ਼ਾਹਿਬਜ਼ਾਦਿਆਂ, ਮਾਤਾ ਜੀ ਦੀ ਸ਼ਹੀਦੀ ਦੇ ਕੇ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।

ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਮਨੁੱਖ ਨੂੰ ਖਾਲਸ ਜੀਵਨ ਜੀਉਣ ਦਾ ਮਾਰਗ ਦਰਸਾਇਆ ਹੈ। ਅਨੇਕਤਾ ਦੀ ਥਾਂ ਏਕਤਾ ਦਾ ਪਾਠ ਆਪ ਜੀ ਦੇ ਉਪਦੇਸ਼ਾਂ ਵਿਚੋਂ ਪ੍ਰਬਲ ਰੂਪ ਵਿਚ ਉਜਾਗਰ ਹੁੰਦਾ ਹੈ।

ਆਓ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹੋਏ, ਉਨ੍ਹਾਂ ਵੱਲੋਂ ਬਖਸ਼ੀ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਆਪਣੇ ਜੀਵਨ ਨੂੰ ਸਫਲਾ ਕਰੀਏ!

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181


## Advisors


1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289


### ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਜਨਵਰੀ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਪੂਰਨਮਾਸ਼ੀ - 06-01-2023 (ਸ਼ੁੱਕਰਵਾਰ)**
**ਸੰਗਰਾਂਦ - 14-01-2023 (ਸ਼ਨੀਵਾਰ)**
**ਮੱਸਿਆ - 21-01-2023 (ਸ਼ਨੀਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਝਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 115 | ਜਨਵਰੀ - 2023



| | | |
|---|---|---|
| 1. | ਖੁਸ਼-ਆਮਦੀਦ ਸਾਲ 2023 | 4 |
| 2. | ਅੰਮ੍ਰਿਤ ਦੇ ਦਾਤੇ ਗੁਰੂ ਗੋਬਿੰਦ ਸਿੰਘ ਜੀ | 5 |
| 3. | ਸ਼ਹੀਦ ਬਾਬਾ ਦੀਪ ਸਿੰਘ ਜੀ | 9 |
| 4. | ਖਿਦਰਾਣੇ ਦੀ ਢਾਬ ਤੋਂ ਮੁਕਤਸਰ | 11 |
| 5. | ਬਜ਼ੁਰਗਾਂ ਦੀ ਸੰਭਾਲ ਤੇ ਸਤਿਕਾਰ | 12 |
| 6. | ਗੁਰ ਸਾਗਰ ਦੇ ਸੁੱਚੇ ਮੋਤੀ | 14 |
| 7. | ਭਾਈ ਮੱਖਣ ਸ਼ਾਹ ਦੇ ਜਨਮ, ਜਨਮ ਸਥਾਨ ਅਤੇ ਰਿਹਾਸ਼ਿ ਬਾਰੇ | 15 |
| 8. | ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 17 |
| 9. | ਜੀਵਨ ਵਿਕਾਸ - ਇਕ ਸੰਘਰਸ਼ | 20 |
| 10. | ਅਰਦਾਸ ਦੀ ਸਾਂਝੀਵਾਲਤਾ | 21 |
| 11. | ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ | 23 |
| 12. | ਆਓ ਜਾਣੀਏ! | 26 |
| 13. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 27 |
| 14. | 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ | 28 |
| 15. | ਕਹਾਣੀ/ਦਿੱਲੀ ਦਾ ਖੁਦਾ | 29 |
| 16. | ਕੀ ਚੌਥੀ ਵਿਸ਼ਵ ਜੰਗ ਡਾਂਗਾਂ, ਸੋਟਿਆਂ ਅਤੇ ਪੱਥਰਾਂ ਨਾਲ ਲੜੀ.... | 32 |
| 17. | ਭਰੂਣ ਹੱਤਿਆ ਸਮਾਜ ਲਈ ਕਲੰਕ | 34 |
| 18. | ਸਿਹਤ ਸੰਭਾਲ | 35 |
| 19. | ਚੋਰ | 37 |
| 20. | ਕਾਵਿ-ਕਿਆਰੀ | 39 |
| 21. | ਸ਼ਬਦਾਂ ਦੇ ਸੰਜੋਗ | 40 |
| 22. | Matrimonial | 41 |
| 23. | ਦਾਨੀ ਸੱਜਣਾਂ ਦੀ ਸੂਚੀ | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਖੁਸ਼-ਆਮਦੀਦ ਸਾਲ 2023

ਅਲਵਿਦਾ ਸਾਲ 2022 ! ਖੁਸ਼-ਆਮਦੀਦ ਨਵਾਂ ਸਾਲ 2023 ! ਇਹ ਸ਼ਬਦ ਜਿਥੇ ਆਉਣ ਵਾਲੇ ਸਮੇਂ ਲਈ ਆਸ ਭਰਪੂਰ ਹੁੰਗਾਰਾ ਹਨ, ਉਥੇ ਬੀਤੇ ਵਰ੍ਹੇ ਦੀਆਂ ਖੱਟੀਆਂ-ਮਿੱਠੀਆਂ ਅਤੇ ਕੌੜੀਆਂ-ਕਸੈਲੀਆਂ ਯਾਦਾਂ ਨੂੰ ਵੀ ਸਮੋਈ ਬੈਠੇ ਹਨ। ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਹੀ ਬੀਤੇ ਸਾਲ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਬੀਤੇ ਵਰ੍ਹੇ 2022 ਵਿਚ ਬਹੁਤ ਸਾਰੇ ਸੱਜਣ-ਮਿੱਤਰ ਅਤੇ ਪਰਿਵਾਰਕ ਮੈਂਬਰ ਸਾਨੂੰ ਸਦਾ ਲਈ ਵਿਛੋੜਾ ਦੇ ਗਏ। ਜਿਨ੍ਹਾਂ ਦਾ ਦੁਖ ਅਸਹਿ ਹੈ। ਬਹੁਤ ਸਾਰੇ ਨਵੇਂ ਮਿੱਤਰ ਵੀ ਬਣੇ ਜਿਨ੍ਹਾਂ ਦੀ ਸਾਨੂੰ ਖੁਸ਼ੀ ਹੈ।

ਅੱਜ 75 ਸਾਲਾਂ ਦੇ ਇਸ ਸਫ਼ਰ ਵਿਚ ਦੇਸ਼ ਖੁਸ਼ਹਾਲੀ ਅਤੇ ਵਿਕਾਸ ਦੇ ਰਸਤੇ 'ਤੇ ਕਿੰਨਾ ਕੁ ਚੱਲ ਸਕਿਆ ਹੈ, ਕਿੰਨੀਆਂ ਕੁ ਦੁਖਦਾਈ ਘਾਟਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ, ਆਉਣ ਵਾਲੇ ਸਮੇਂ ਤੋਂ ਕਿਸ ਤਰ੍ਹਾਂ ਦੀ ਅਤੇ ਕਿੰਨੀ ਕੁ ਆਸ ਰੱਖੀ ਜਾ ਸਕਦੀ ਹੈ, ਇਹ ਸਭ ਲਈ ਸੋਚਣ ਵਾਲੀ ਗੱਲ ਹੋਵੇਗੀ। ਅੱਜ ਅਸੀਂ ਤਕਨੀਕ, ਵਿਗਿਆਨ ਅਤੇ ਕੰਪਿਊਟਰ ਦੇ ਯੁੱਗ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਦਹਾਕਿਆਂ ਦੇ ਇਸ ਸਫ਼ਰ ਨੇ ਬਹੁਤ ਕੁਝ ਬਦਲ ਦਿੱਤਾ ਹੈ। ਬਹੁਤ ਕੁਝ ਨਵਾਂ ਉਸਾਰਿਆ ਜਾ ਚੁੱਕਾ ਹੈ। ਸਮਾਜਿਕ ਤੌਰ 'ਤੇ ਸਾਡੇ ਅੰਦਰ ਕਿੰਨੀ ਕੁ ਪਰਪੱਕਤਾ ਆਈ ਹੈ, ਅਸੀਂ ਆਪਣੀ ਸੋਚ ਦਾ ਘੇਰਾ ਕਿੰਨਾ ਕੁ ਚੌੜਾ ਕਰ ਸਕੇ ਹਾਂ, ਇਹ ਵੇਖਣ ਸਮਝਣ ਵਾਲੀ ਗੱਲ ਹੈ।

ਲਗਾਤਾਰ ਵਧਦੀ ਆਬਾਦੀ 'ਤੇ ਕਾਬੂ ਨਾ ਪਾ ਸਕਣ ਕਰਕੇ ਵੀ ਕਠਿਨਾਈਆਂ ਅਤੇ ਦੁਸ਼ਵਾਰੀਆਂ ਵਿਚ ਵਾਧਾ ਹੋ ਰਿਹਾ ਹੈ। ਬੇਰੁਜ਼ਗਾਰੀ ਖ਼ਤਰਨਾਕ ਹੱਦ ਤੱਕ ਵਧ ਰਹੀ ਹੈ। ਦੇਸ਼ ਦੀ ਉਸਾਰੀ ਦੇ ਮੁਢਲੇ ਢਾਂਚੇ ਸੰਬੰਧੀ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਅਸੀਂ ਹੁਣ ਤੱਕ ਦੀਆਂ ਕੀਤੀਆਂ ਹੋਈਆਂ ਪ੍ਰਾਪਤੀਆਂ ਨੂੰ ਨਕਾਰਦੇ ਨਹੀਂ ਸਗੋਂ ਇਨ੍ਹਾਂ ਦੀ ਪ੍ਰਸੰਸਾ ਕਰਦੇ ਹਾਂ, ਪਰ ਇਨ੍ਹਾਂ ਦੇ ਨਾਲ-ਨਾਲ ਜੋ ਕੁਝ ਹਾਲੇ ਕੀਤਾ ਜਾਣਾ ਬਾਕੀ ਹੈ, ਉਸ ਬਾਰੇ ਵੀ ਫ਼ਿਕਰਮੰਦੀ ਜ਼ਾਹਿਰ ਕਰਦੇ ਹਾਂ।

ਸਾਲ 2022 ਵਿਚ ਕਿਸਾਨ ਅੰਦੋਲਨ ਜੋ ਕਿ ਦਿੱਲੀ ਦੀਆਂ ਬਰੂਹਾਂ 'ਤੇ ਬੈਠਾ ਤਿੰਨ ਕਾਲੇ ਕਾਨੂੰਨ ਖਿਲਾਫ਼ ਸੰਘਰਸ਼ ਕਰ ਰਿਹਾ ਸੀ, ਪੂਰਾ ਇੱਕ ਸਾਲ ਦੇ ਕਰੀਬ ਚੱਲਿਆ। ਜਿਸ ਵਿਚ ਬਹੁਤ ਸਾਰੇ ਕਿਸਾਨਾਂ ਵੀਰਾਂ, ਬਜ਼ੁਰਗਾਂ ਅਤੇ ਛੋਟੇ ਬੱਚਿਆਂ ਨੇ ਸ਼ਹਾਦਤ ਵੀ ਦਿੱਤੀ। ਇਸ ਸੰਘਰਸ਼ ਵਿਚ ਸਾਰੇ ਦੇਸ਼ ਦੇ ਕਿਸਾਨਾਂ ਨੇ ਇੱਕ ਦੂਜੇ ਦਾ ਸਾਥ ਦਿੱਤਾ। ਸਰਕਾਰ ਨੇ ਲੋਕਾਂ ਦੇ ਤਿੱਖੇ ਹੁੰਦੇ ਸੰਘਰਸ਼ ਨੂੰ ਵੇਖਦਿਆਂ ਤਿੰਨੇ ਕਾਲੇ ਕਾਨੂੰਨ ਵਾਪਸ ਲੈ ਲਏ ਅਤੇ ਕਿਸਾਨਾਂ ਦੀ ਜਿੱਤ ਹੋਈ।

ਪੰਜਾਬ ਵਿਚ 2022 ਨੂੰ ਹੋਈ ਇਲੈਕਸ਼ਨ ਵਿਚ ਆਪ ਸਰਕਾਰ ਨੇ ਵੱਡੀ ਲੀਡ ਨਾਲ ਜਿੱਤ ਹਾਸਲ ਕੀਤੀ। ਲੋਕਾਂ ਨੇ ਬਾਕੀ ਪਾਰਟੀਆਂ ਨੂੰ ਸਿਰੇ ਤੋਂ ਨਕਾਰ ਕੇ ਪੰਜਾਬ ਵਿਚ ਆਪ ਦੀ ਸਰਕਾਰ ਬਣਾਈ। ਲੋਕਾਂ ਨੂੰ ਪੂਰਨ ਆਸ ਸੀ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਪੰਜਾਬ ਦੇ ਲੋਕਾਂ ਦਾ ਭਲਾ ਕਰਨਗੇ। ਸਰਕਾਰ ਨੇ ਬਿਜਲੀ ਅਤੇ ਬੱਸ ਸਹੂਲਤਾਂ ਵੀ ਪੰਜਾਬ ਦੀ ਜਨਤਾ ਨੂੰ ਮੁਹੱਈਆ ਕਰਵਾਈਆਂ। ਪਰ ਦੱਸ ਮਹੀਨੇ ਬੀਤਣ ਦੇ ਬਾਵਜੂਦ ਵੀ ਸਰਕਾਰ ਸੰਘਰਸ਼ ਕਰ ਰਹੀ ਹੈ ਕਿ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਸਕੇ ਪਰ ਪੰਜਾਬ ਦੇ ਹਾਲਤ ਦਿਨ-ਬ-ਦਿਨ ਬਦਤਰ ਹੋ ਰਹੇ ਹਨ। ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਲੋਕਾਂ ਵੱਲੋਂ ਸਰਕਾਰ ਵਿਰੁੱਧ ਆਪਣੀਆਂ ਮੰਗਾਂ ਪੂਰੀਆਂ ਕਰਨ ਲਈ ਧਰਨੇ ਦਿੱਤੇ ਜਾ ਰਹੇ ਹਨ। ਸਾਲ 2023 ਵਿਚ ਅਸੀਂ ਸਰਕਾਰ ਤੋਂ ਆਸ ਕਰਦੇ ਹਾਂ ਕਿ ਉਹ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰੇਗੀ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਹੋਰ ਬਿਹਤਰ ਬਣਾਏਗੀ। ਸਰਕਾਰ ਪੰਜਾਬ ਵਿਚ ਇੰਡਸਟਰੀ ਨੂੰ ਵੀ ਪੈਰਾਂ ਤੇ ਖੜ੍ਹੇ ਕਰੇਗੀ ਤਾਂ ਜੋ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਹੋ ਸਕੇ। ਖੈਰ !

ਬੀਤ ਗਏ ਸਮੇਂ ਦੀ ਅਗਰ ਅਸੀਂ ਸਵੈ-ਪੜਚੋਲ ਕਰਦੇ ਹਾਂ ਤਾਂ ਆਉਣ ਵਾਲੇ ਸਮੇਂ ਲਈ ਇਨਸਾਨੀ ਫਿਤਰਤ ਵਿਚ ਬਦਲਾਅ ਆਉਂਦਾ ਹੀ ਹੈ। ਆਸ ਅਤੇ ਉਮੀਦ ਕੁਦਰਤ ਦਾ ਅਸੂਲ ਹੈ ਅਤੇ ਇਸ ਸੱਚਾਈ ਤੇ ਹੀ ਦੁਨੀਆਂ ਚੱਲਦੀ ਹੈ। ਆਉਣ ਵਾਲੇ ਸਮੇਂ ਵਿਚ ਸੁਚੱਜੀ ਜ਼ਿੰਦਗੀ ਬਸਰ ਕਰਨਾ ਅਤੇ ਸਮਾਜ ਨੂੰ ਬਿਹਤਰ ਬਨਾਉਣਾ ਸਾਡੇ ਆਪਣੇ ਮਨ ਦੀ ਅਵਸਥਾ ਤੇ ਨਿਰਭਰ ਕਰਦਾ ਹੈ।

ਸਦਾਚਾਰਕ ਕਦਰਾਂ-ਕੀਮਤਾਂ ਵਿਚ ਆਈ ਭਾਰੀ ਗਿਰਾਵਟ ਸੰਬੰਧੀ ਸੋਚਵਾਨ ਹੋਣਾ ਜ਼ਰੂਰੀ ਹੈ ਅਤੇ ਇਨ੍ਹਾਂ ਨੂੰ ਮੁੜ ਪਰੰਪਰਾਗਤ ਰਾਹ 'ਤੇ ਤੋਰਨਾ ਸਾਡੀ ਪਹਿਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਹਰ ਖੇਤਰ ਵਿਚ ਹਾਲੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਆਓ ਕਾਮਨਾ ਕਰੀਏ ਕਿ ਆਉਣ ਵਾਲੇ ਸਾਲ 2023 ਵਿੱਚ ਸਭ ਨੂੰ ਸੁੱਖ ਮਿਲੇ। ਮਨੁੱਖ ਆਪਣੀ ਧਰਤੀ ਨੂੰ ਹਰਾ ਭਰਿਆ ਰੱਖੇ। ਕੋਈ ਸਰਕਾਰ ਜ਼ਰੂਰਤ ਦੀਆਂ ਚੀਜ਼ਾਂ ਮਹਿੰਗੀਆਂ ਨਾ ਕਰੇ ਸਕੇ। ਇਸ ਧਰਤੀ ਤੇ ਕੋਈ ਭੁੱਖਾ ਨਾ ਸੌਂਵੇ। ਵਿਦਿਆ ਦਾ ਚਾਨਣ ਘਰ ਘਰ ਪਹੁੰਚੇ। ਆਉਣ ਵਾਲਾ ਸਾਲ 2023 ਹਰੇਕ ਲਈ ਖੁਸ਼ੀਆਂ ਭਰਿਆ ਹੋਵੇ। ਖੁਸ਼-ਆਮਦੀਦ !

**ਹਰਭਜਨ ਸਿੰਘ**

**ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਅੰਮ੍ਰਿਤ ਦੇ ਦਾਤੇ ਗੁਰੂ ਗੋਬਿੰਦ ਸਿੰਘ ਜੀ



ਮਰਦ ਅਗੰਮੜਾ, ਸਰਬੰਸ-ਦਾਨੀ, ਅੰਮ੍ਰਿਤ ਦੇ ਦਾਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਹੀ ਅਲੌਕਿਕ ਘਟਨਾਵਾਂ ਨਾਲ ਭਰਪੂਰ ਹੈ। ਆਪ ਜੀ ਨੇ 22 ਦਸੰਬਰ 1666 ਈ: ਨੂੰ ਪਿਤਾ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਪਟਨਾ ਸਾਹਿਬ (ਬਿਹਾਰ) ਵਿਖੇ ਪ੍ਰਕਾਸ਼ ਧਾਰਿਆ। ਜਿਨ੍ਹੀਂ ਦਿਨੀਂ ਆਪ ਜੀ ਦਾ ਪ੍ਰਕਾਸ਼ ਹੋਇਆ ਉਨ੍ਹੀ ਦਿਨੀਂ ਆਪ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਸਾਮ-ਬੰਗਾਲ ਦੇ ਦੌਰੇ 'ਤੇ ਪ੍ਰਚਾਰ ਕਰਨ ਗਏ ਹੋਏ ਸਨ। ਉਨ੍ਹਾਂ ਨੂੰ ਆਪਣੇ ਲਾਡਲੇ ਸਪੁੱਤਰ ਦੇ ਪ੍ਰਕਾਸ਼ ਦੀ ਖਬਰ ਭਾਈ ਮੇਹਰ ਚੰਦ ਅਤੇ ਭਾਈ ਕਲਿਆਨ ਚੰਦ ਜੀ ਦੁਆਰਾ ਮਿਲੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਸਾਮ ਦੇ ਦੌਰੇ ਤੋਂ ਸੰਨ 1670 ਈ: ਵਿਚ ਵਾਪਸ ਪਰਤੇ, ਉਸ ਸਮੇਂ ਆਪ ਦੇ ਲਾਡਲੇ ਸਪੁੱਤਰ ਗੋਬਿੰਦ ਰਾਏ ਜੀ ਵੀ ਸਾਢੇ ਤਿੰਨ ਸਾਲ ਦੇ ਹੋ ਚੁੱਕੇ ਸਨ। ਨੌਵੇਂ ਗੁਰੂ ਸਾਹਿਬ ਪਟਨੇ ਕੁਝ ਦਿਨ ਠਹਿਰਨ ਤੋਂ ਬਾਅਦ ਪਰਿਵਾਰ ਨੂੰ ਪਟਨੇ ਰੁਕਣ ਦਾ ਆਦੇਸ਼ ਦੇ ਕੇ ਵਾਪਸ ਪੰਜਾਬ ਆ ਗਏ ਸਨ। ਇਸ ਤਰ੍ਹਾਂ ਗੋਬਿੰਦ ਰਾਏ ਜੀ ਦੇ ਬਚਪਨ ਦੇ ਪਹਿਲੇ ਪੰਜ ਸਾਲ ਪਟਨੇ ਵਿਚ ਹੀ ਬਤੀਤ ਹੋਏ। ਜਿੱਥੇ ਆਪ ਜੀ ਦਾ ਅਵਤਾਰ ਹੋਇਆ ਉਥੇ ਸੁੰਦਰ ਗੁਰਦੁਆਰਾ ਤਖਤ ਸ੍ਰੀ ਪਟਨਾ ਸਾਹਿਬ ਸੁਸ਼ੋਭਿਤ ਹੈ।




ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240


**ਤਹੀ ਪ੍ਰਕਾਸ਼ ਹਮਾਰਾ ਭਯੋ ॥**
**ਪਟਨਾ ਸਹਰ ਬਿਖੈ ਭਵ ਲਯੋ ॥**

ਅਨੰਦਪੁਰ ਸਾਹਿਬ ਵਿਖੇ ਹੀ ਆਪ ਜੀ ਦੇ ਪਿਤਾ ਜੀ ਦੁਆਰਾ ਆਪ ਜੀ ਦੇ ਲਈ ਭਾਂਤ-ਭਾਂਤ ਦੀ ਵਿੱਦਿਆ ਦਾ ਖਾਸ ਪ੍ਰਬੰਧ ਕੀਤਾ ਗਿਆ। ਅਨੰਦਪੁਰ ਸਾਹਿਬ ਵਿਖੇ ਹੀ ਆਪ ਜੀ ਨੇ ਘੋੜ ਸਵਾਰੀ, ਤੀਰ ਅੰਦਾਜੀ, ਬੰਦੂਕ, ਖੰਡਾ ਆਦਿ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਗੁਰਬਾਣੀ ਆਪ ਜੀ ਨੇ ਆਪਣੇ ਮਾਤਾ ਗੁਜਰੀ ਜੀ ਪਾਸੋਂ ਪੜ੍ਹ ਕੇ ਕੰਠ ਕਰ ਲਈ ਸੀ ਅਤੇ ਗੁਰਮਤਿ ਦੀ ਹੋਰ ਵਿਸਥਾਰ ਸਹਿਤ ਜਾਣਕਾਰੀ ਆਪ ਜੀ ਨੇ ਗੁਰੂ-ਘਰ ਦੇ ਗ੍ਰੰਥੀ ਮੁਨਸ਼ੀ ਸਾਹਿਬ ਚੰਦ ਜੀ ਤੋਂ ਪ੍ਰਾਪਤ ਕੀਤੀ। ਫਾਰਸੀ ਦੀ ਵਿੱਦਿਆ ਆਪ ਜੀ ਨੇ ਕਾਜੀ ਨੂਰਦੀਨ ਸਲੋਹ ਪਾਸੋਂ ਪ੍ਰਾਪਤ ਕੀਤੀ ਅਤੇ ਸੰਸਕ੍ਰਿਤ ਦੀ ਵਿੱਦਿਆ ਆਪ ਜੀ ਨੇ ਮਟਨ ਨਿਵਾਸੀ ਪੰਡਿਤ ਕਿਰਪਾ ਰਾਮ ਜੀ ਤੋਂ ਪ੍ਰਾਪਤ ਕੀਤੀ।

ਸਿੱਖ ਧਰਮ ਦਾ ਸੰਦੇਸ਼ ਲੋਕਾਈ ਤੀਕ ਪ੍ਰਚਾਰਨ ਲਈ ਗੁਰੂ ਸਾਹਿਬਾਨ ਨੇ ਮਹਾਨ ਕਾਰਜ ਕੀਤੇ। ਜਿਸ ਧਰਮ ਰੂਪੀ ਮਹੱਲ ਦੀ ਬੁਨਿਆਦ ਸ੍ਰੀ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ ਅਤੇ ਜਿਸ ਦੀਆਂ ਨੀਹਾਂ ਵਿੱਚ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀਆਂ ਮਹਾਨ ਸ਼ਹੀਦੀਆਂ ਦੀ ਰੱਤ ਪਾ ਕੇ ਇਸ ਨੂੰ ਮਜ਼ਬੂਤੀ ਬਖਸ਼ੀ ਸੀ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਪੈਰਾਂ ਹੇਠ ਲਿਤਾੜੀ ਜਾ ਰਹੀ ਮਨੁੱਖਤਾ ਦੀ ਰੱਖਿਆ ਕਰਨ ਹਿਤ ਭਾਰੀ ਜੱਦੋ-ਜਹਿਦ ਕੀਤੀ ਅਤੇ 'ਸੁਭ ਕਰਮਨ ਤੇ ਕਬਹੂੰ ਨ ਟਰੋਂ" ਅਨੁਸਾਰ ਪਰਮਾਤਮਾ ਵੱਲੋਂ ਸੌਂਪੇ ਕਾਰਜ ਨੂੰ ਪੂਰਨ ਸਫ਼ਲਤਾ ਸਹਿਤ ਮੁਕੰਮਲ ਕਰ ਵਿਖਾਇਆ।

ਧਰਮ ਅਤੇ ਮਨੁੱਖਤਾ ਦੀ ਰੱਖਿਆ ਹਿਤ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਪਿਤਾ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਤੇ ਚਾਰੇ ਸਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ। ਧਰਮ ਤੇ ਮਾਨਵਤਾ ਦੀ ਰੱਖਿਆ ਲਈ ਹੀ 'ਅਕਾਲ ਪੁਰਖ' ਨੇ ਆਪ ਜੀ ਨੂੰ ਇਸ ਜਗਤ ਵਿੱਚ ਭੇਜਿਆ ਸੀ:

**ਹਮ ਇਹ ਕਾਜ ਜਗਤ ਮੋ ਆਏ ॥**
**ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥**
**ਦੁਸਟ ਦੋਖੀਅਨ ਪਕਰਿ ਪਛਾਰੋ ॥**

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਖੇ ਚਾਂਦਨੀਂ ਚੌਕ ਵਿਚ ਧਰਮ ਦੀ ਖਾਤਰ ਸੰਨ 1675 ਈ: ਨੂੰ ਬਲੀਦਾਨ ਦੇਣ ਲਈ ਗਏ, ਉਸ ਵੇਲੇ ਉਹ ਆਪਣੇ ਸਪੁੱਤਰ ਸ੍ਰੀ ਗੋਬਿੰਦ ਰਾਏ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦਾ ਹੁਕਮ ਕਰ ਗਏ ਸਨ, ਗੋਬਿੰਦ ਰਾਏ ਜੀ ਨੇ 9 ਸਾਲ ਦੀ ਛੋਟੀ ਜਿਹੀ ਅਵਸਥਾ ਵਿਚ ਆਪਣੇ ਪਿਤਾ ਨੂੰ ਮਜ਼ਲੂਮਾਂ ਦੇ ਹਿੱਤ ਲਈ ਧਰਮ ਤੋਂ ਕੁਰਬਾਨ ਹੋਣ ਲਈ ਜਿਸ ਦਲੇਰੀ ਨਾਲ ਤੋਰਿਆ ਉਹ ਸ੍ਰੀ ਗੋਬਿੰਦ ਰਾਏ ਜੀ ਦੀ ਬੀਰਤਾ, ਆਤਮਿਕ ਉਚਤਾ ਅਤੇ ਆਉਣ ਵਾਲੇ ਕਠਿਨ ਸਮੇਂ ਵਿਚ ਦੀਨ-ਦੁਖੀਆਂ ਦੀ ਰੱਖਿਆ ਦਾ ਸਬੂਤ ਸੀ, ਆਪ ਜੀ ਨੂੰ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਗੱਦੀ ’ਤੇ ਬਿਰਾਜਮਾਨ ਹੋਏ। ਗੁਰਗੱਦੀ ਦੀ ਰਸਮ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਪੰਜਵੀਂ ਪੀੜੀ ਤੋਂ ਉਨ੍ਹਾਂ ਦੇ ਪੜੋਤੇ ਬਾਬਾ ਰਾਮ ਕੁਇਰ ਜੀ ਨੇ ਆਪਜੀ ਨੂੰ ਜ਼ਿਗਾ-ਕਲਗੀ ਸਜਾ ਅਤੇ ਕ੍ਰਿਪਾਨ ਪਹਿਨਾ ਕੇ ਸੰਪੂਰਨ ਕੀਤੀ। ਗੁਰਗੱਦੀ ’ਤੇ ਬਿਰਾਜਣ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਜਿਨ੍ਹਾਂ ਔਕੜਾਂ ਅਤੇ ਤਾਕਤਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਵਿਚ ਇੱਕ ਤਾਕਤ ਬਾਦਸ਼ਾਹ ਔਰੰਗਜ਼ੇਬ ਦੀ ਸੀ ਅਤੇ ਦੂਜੀ ਤਾਕਤ ਪਹਾੜੀ ਰਾਜਿਆਂ ਦੀ ਸੀ, ਜੋ ਸਿੱਖੀ ਦਾ ਵਧਦਾ-ਫੁੱਲਦਾ ਤੇਜ ਬਰਦਾਸ਼ਤ ਨਹੀਂ ਕਰ ਸਕਦੇ ਸਨ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਜਜ਼ਬੇ ਦਾ ਜੋ ਹੜ੍ਹ ਵਗਾਇਆ ਸੀ ਉਸ ਨੂੰ ਕਿਸੇ ਵੇਗ ਵਿਚ ਲਿਆਉਣ ਲਈ ਉਤਮ ਅਗਵਾਈ ਦੀ ਜ਼ਰੂਰਤ ਸੀ।

ਜੇਕਰ ਔਕੜਾਂ ਦੀ ਗੱਲ ਲਈਏ ਤਾਂ ਉਸ ਸਮੇਂ ਸਭ ਤੋਂ ਵੱਡੀ ਔਕੜ ਸਾਧਨਾਂ ਅਤੇ ਫੌਜ ਦੀ ਘਾਟ ਦੀ ਸੀ, ਅਤੇ ਨਵੇਂ ਸਿਰਿਉਂ ਸੂਰਬੀਰਾਂ ਵਿਚ ਫੌਲਾਦ ਜਿਹੀ ਤਾਕਤ ਭਰਨੀ, ਇਸ ਸਭ ਲਈ ਸ੍ਰੀ ਗੁਰੂ ਗੋਬਿੰਦ ਰਾਏ ਜੀ ਨੂੰ ਵਿਰਾਸਤ ਵਿਚ ਮਿਲਿਆ ਪਿਤਾ-ਪੁਰਖੀ ਬਹੁਮੁੱਲਾ ਵਿਰਸਾ ਸਭ ਤੋਂ ਵੱਧ ਸਹਾਇਕ ਹੋਇਆ, ਜਿਸ ਨੂੰ ਪ੍ਰਚਾਰਨ ਲਈ ਗੁਰੂ ਸਾਹਿਬ ਜੀ ਨੇ ਢਾਡੀਆਂ ਨੂੰ ਸੂਰਮਿਆਂ ਦੀਆਂ ਵਾਰਾਂ ਅਤੇ ਸਿੱਖ ਇਤਿਹਾਸ ਗਾ ਕੇ ਸੁਣਾਉਣ ਲਈ ਪ੍ਰੇਰਿਤ ਕੀਤਾ, ਅਤੇ ਨਾਲ ਹੀ ਫੌਜ ਦੀ ਤਿਆਰੀ ਅਤੇ ਹਰ ਪ੍ਰਕਾਰ ਦੇ ਫੌਜੀ ਸਾਧਨਾ ਵੱਲ ਵੀ ਆਪ ਜੀ ਨੇ ਉਚੇਚੇ ਤੌਰ ’ਤੇ ਧਿਆਨ ਦਿੱਤਾ। ਆਪ ਜੀ ਨੇ ਸੰਗਤਾਂ ਨੂੰ ਘੋੜੇ, ਸ਼ਸ਼ਤਰ, ਗੋਲੀ-ਸਿੱਕਾ ਅਤੇ ਫੌਜੀ ਸਾਧਨ ਭੇਟਾ ਵਜੋਂ ਲਿਆਉਣ ਲਈ ਹੁਕਮਨਾਮੇ ਭੇਜੇ ਅਤੇ ਨਾਲ ਹੀ ਉਨ੍ਹਾਂ ਜਵਾਨੀਆਂ ਦੀ ਮੰਗ ਕੀਤੀ ਜੋ ਧਰਮ ਤੋਂ ਆਪਣਾ ਜੀਵਨ ਅਰਪਨ ਕਰਨ ਲਈ ਤਿਆਰ-ਬਰ ਤਿਆਰ ਹੋਣ।

ਜਿਵੇਂ ਹੀ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਚ ਜਵਾਨਾਂ ਨੂੰ ਨਕਲੀ ਜੰਗਾਂ ਦਾ ਅਭਿਆਸ ਕਰਾਉਣਾ ਸ਼ੁਰੂ ਕੀਤਾ ਤਾਂ ਉਸ ਦੇ ਸਿੱਟੇ ਵਜੋਂ ਆਪ ਦੀ ਫੌਜ ਵਿਚ ਬਹੁਤ ਸਾਰੇ ਸਿਰਕੱਢ ਸੂਰਮਿਆਂ ਨੇ ਆਪਣੀਆਂ ਜਵਾਨੀਆਂ ਅਤੇ ਸ਼ਸ਼ਤਰ ਗੁਰੂ ਸਾਹਿਬ ਦੇ ਭੇਟ ਕੀਤੇ, ਜਿਨ੍ਹਾਂ ਵਿੱਚੋਂ ਅਸਾਮ ਦੇ ਰਾਜਾ ਰਾਮ ਰਾਇ ਦੇ ਸਪੁੱਤਰ ਰਤਨ ਰਾਇ ਨੇ ਵੀ ਗੁਰੂ ਸਾਹਿਬ ਲਈ ਭੇਟਾਵਾਂ ਪਰਸਾਦੀ ਹਾਥੀ, ਪੰਜ ਕਲਾ ਸ਼ਸ਼ਤਰ (ਤਲਵਾਰ, ਗੁਰਜ, ਬਰਛੀ, ਨੇਜਾ, ਪਸਤੌਲ) ਮੋਤੀਆਂ ਦੀ ਮਾਲਾ, ਚੰਨਣ ਦੀ ਚੌਕੀ, ਚਾਂਦੀ ਦਾ ਕਟੋਰਾ ਆਦਿ ਗੁਰੂ ਸਾਹਿਬ ਦੀ ਭੇਟਾ ਕੀਤੀਆਂ। ਆਪ ਜੀ ਨੇ ਆਪਣੀ ਫੌਜ ਵਿਚ ਤਨਖਾਹਦਾਰ ਫੌਜੀ ਵੀ ਭਰਤੀ ਕੀਤੇ, ਜਿਨ੍ਹਾਂ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਵੀ ਸਨ। ਅਨੰਦਪੁਰ ਸਾਹਿਬ ਵਿਚ ਆਪ ਜੀ ਨੇ 8 ਸਾਲ ਰਹਿ ਕੇ ਜਥੇਬੰਦੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਲਿਆ ਸੀ। ਬੇਸ਼ੱਕ ਗੁਰੂ ਸਾਹਿਬ ਜੀ ਅਮਨ ਦੇ ਪੁਜਾਰੀ ਸਨ ਪਰ ਮਜ਼ਲੂਮਾਂ ਉਤੇ ਹੁੰਦੇ ਜ਼ੁਲਮ ਨੂੰ ਵੀ ਕਿਵੇਂ ਸਹਾਰ ਸਕਦੇ ਸਨ?

ਭਾਵੇਂ ਔਰੰਗਜ਼ੇਬ ਨੇ ਸੰਨ 1670 ਵਿਚ ਰਾਗ-ਗਾਇਨ ਅਤੇ ਸੰਨ 1680 ਵਿਚ ਪਾਠਸ਼ਾਲਾਵਾਂ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ, ਪਰ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਕੀਰਤਨ ਨੂੰ ਮਹੱਤਵਪੂਰਨ ਪਦਵੀ ਪ੍ਰਾਪਤ ਹੈ, ਇਸ ਲਈ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਸਭੇ ਗੁਰੂ ਘਰ ਦੇ ਕੀਰਤਨੀਆਂ ਅਤੇ ਅਲੱਗ-ਅਲੱਗ ਭਾਸ਼ਾਵਾਂ ਦੇ ਗਿਆਤਾਵਾਂ ਨੂੰ ਆਨੰਦਪੁਰ ਸਾਹਿਬ ਦੇ ਦਰਬਾਰ ਵਿਚ ਥਾਂ ਦਿੱਤੀ ਅਤੇ ਨਾਲ ਹੀ ਆਪ ਜੀ ਨੇਤਰਹੀਣ ਪੁਰਸ਼ਾਂ ਅਤੇ ਸੂਰਮਿਆਂ ਸਿੰਘਾਂ ਨੂੰ ਰਬਾਬ, ਤਾਊਸ, ਸਿਰੰਦਾ, ਜੋੜੀ ਆਦਿਕ ਦੀ ਆਪ ਹੀ ਸਿਖਲਾਈ ਕਰਵਾਉਂਦੇ ਸਨ ਤਾਂ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਆਪ ਸੰਭਾਲਣ। ਔਰੰਗਜ਼ੇਬ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪ ਜੀ ਨੇ ਅਨੰਦਪੁਰ ਸਾਹਿਬ ਵਿਖੇ ਹੀ ਪੰਜਾਬੀ, ਹਿੰਦੀ, ਫ਼ਾਰਸੀ ਅਤੇ ਸੰਸਕ੍ਰਿਤ ਆਦਿ ਦੀ ਵਿੱਦਿਆ ਦਾ ਪ੍ਰਬੰਧ ਚਲਾਇਆ।

ਆਪ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੋਂ ਤਿੰਨ ਸਪੁੱਤਰ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਭ ਤੋਂ ਛੋਟੇ ਸਪੁੱਤਰ ਬਾਬਾ ਫਤਹਿ ਸਿੰਘ ਜੀ ਨੇ ਜਨਮ ਲਿਆ। ਮਾਤਾ ਸੁੰਦਰੀ ਜੀ ਦੀ ਕੁੱਖੋਂ ਸਭ ਤੋਂ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਜਨਮ ਲਿਆ।

ਸੰਮਤ 1742 ਬਿਕ੍ਰਮੀ ਮੁਤਾਬਕ ਸੰਨ 1685 ਈ: ਵਿਚ ਜਦੋਂ ਆਪ ਜੀ ਨਾਹਨ ਰਿਆਸਤ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨ ਕੇ ਨਾਹਨ ਗਏ ਅਤੇ ਨਾਹਨ ਰਿਆਸਤ ਵਿਚ ਇਕ ਗੁਰਦੁਆਰਾ ਤਿਆਰ ਕਰਵਾਇਆ ਜਿਸ ਦਾ ਨਾਮ ਆਪ ਜੀ ਨੇ ਪਾਉਂਟਾ ਸਾਹਿਬ ਰੱਖਿਆ, ਇੱਥੇ ਆਪ ਜੀ ਨੇ ਸਾਹਿਤ ਰਚਨਾ ਕਰਨ-ਕਰਾਉਣ ਦਾ ਕੰਮ ਵੀ ਜਾਰੀ ਰੱਖਿਆ। ਪਾਉਂਟਾ ਸਾਹਿਬ ਵਿਖੇ ਆਪ ਜੀ ਆਪਣੇ ਦਰਬਾਰ ਵਿਚ ਢਾਡੀ ਨੱਥਾ ਮੱਲ ਦੇ ਪੁੱਤਰ ਢਾਡੀ ਮੀਰ ਛਬੀਲ ਅਤੇ ਮੀਰ ਮੁਸ਼ਕੀ ਨੂੰ ਇਤਿਹਾਸ ਗਾ ਕੇ ਪ੍ਰਚਾਰਨ ਦੀ ਸੇਵਾ ਲਾਈ ਅਤੇ ਨਾਲ ਹੀ ਉਨ੍ਹਾਂ ਨੇ ਅਲੱਗ-ਅਲੱਗ ਜਾਤਾਂ ਅਤੇ ਭਾਸ਼ਾਵਾਂ ਦੇ 52 ਕਵੀਆਂ ਨੂੰ ਵੀ ਆਪਣੇ ਦਰਬਾਰ ਵਿਚ ਰੱਖਿਆ ਜਿਨ੍ਹਾਂ ਨੇ ਸੰਸਕ੍ਰਿਤ ਸਾਹਿਤ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਉਲਥਾਉਣ ਦਾ ਕੰਮ ਬੜੀ ਸਰਗਰਮੀ ਨਾਲ ਜਾਰੀ ਕੀਤਾ, ਪਾਉਂਟਾ ਸਾਹਿਬ ਵਿਖੇ ਹੀ ਸਢੌਰਾ ਕਸਬਾ ਦੇ ਸੱਯਦ ਸ਼ਾਹ ਬਦਰੁੱਦੀਨ ਜੋ ਸਿੱਖ ਇਤਿਹਾਸ ਵਿਚ ਪੀਰ ਬੁੱਧੂ ਸ਼ਾਹ ਦੇ ਨਾਮ ਨਾਲ ਪ੍ਰਸਿੱਧ ਹਨ, ਦੇ ਨਾਲ ਆਪ ਜੀ ਦਾ ਮੇਲ ਹੋਇਆ ਅਤੇ ਉਸ ਦੇ ਬੇਨਤੀ ਕਰਨ ’ਤੇ ਆਪ ਜੀ ਨੇ ਔਰੰਗਜ਼ੇਬ ਦੁਆਰਾ ਆਪਣੀ ਫੌਜ ਵਿੱਚੋਂ ਕੱਢੇ ਦਾਮਲਾ ਨਗਰ ਜ਼ਿਲ੍ਹਾ ਕਰਨਾਲ ਦੇ 495 ਪਠਾਣ ਪਿਆਦੇ ਸਿਪਾਹੀ ਅਤੇ ਪੰਜ ਸਰਦਾਰ ਭੀਖਣ ਖਾਂ, ਕਾਲੇ ਖਾਂ, ਨਜਾਬਤ ਖਾਂ, ਹੱਯਾਤ ਖਾਂ, ਉਮਰ ਖਾਂ ਨੂੰ ਆਪਣੀ ਫੌਜ ਵਿਚ ਭਰਤੀ ਕੀਤਾ ਸੀ। ਗੁਰੂ-ਘਰ ਨਾਲ ਨਿਤਪ੍ਰਤੀ ਜੁੜ ਰਹੀ ਸੰਗਤ, ਰਣਜੀਤ ਨਗਾਰੇ ਦੀ ਸਥਾਪਨਾ ਅਤੇ ਗੁਰੂ ਸਾਹਿਬ ਦੀ ਵਧਦੀ ਤਾਕਤ ਦੇ ਭੈ ਨੇ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀ ਈਰਖਾ ਵਿਚ ਹੋਰ ਵਾਧਾ ਕਰ ਦਿੱਤਾ ਸੀ, ਜਿਸ ਕਰਕੇ

ਪਾਉਂਟਾ ਸਾਹਿਬ ਤੋਂ 7-8 ਮੀਲ ਦੀ ਦੂਰੀ 'ਤੇ ਭੰਗਾਣੀ ਵਿਖੇ ਗੁਰੂ ਸਾਹਿਬ ਜੀ ਨੇ ਪਹਾੜੀ ਰਾਜਿਆਂ ਰਾਜਾ ਭੀਮ ਚੰਦ ਕਹਿਲੂਰੀਆ, ਰਾਜਾ ਹਰੀ ਚੰਦ ਜਸਵਾਲੀਆ, ਰਾਜਾ ਕ੍ਰਿਪਾਲ ਚੰਦ ਕਟੋਚੀਆ, ਰਾਜਾ ਕੇਸਰੀ ਚੰਦ ਹੰਡੂਰੀਆ,ਰਾਜਾ ਸੁਖਦਿਆਲ ਜਸਰੋਟੀਆ, ਰਾਜਾ ਪ੍ਰਿਥੀ ਚੰਦ ਢਡਵਾਲੀਆ, ਅਤੇ ਰਾਜਾ ਫਤਹ ਸ਼ਾਹ ਗੜਵਾਲੀਆ, ਨਾਲ 18 ਵੈਸਾਖ 1746 ਬਿਕ੍ਰਮੀ ਅਰਥਾਤ 15 ਅਪ੍ਰੈਲ ਸੰਨ 1689 ਈ: ਵਿਚ ਜੰਗ ਕੀਤੀ ਜੋ ਤਿੰਨ ਦਿਨ ਚੱਲੀ ਅਤੇ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਦੋ ਸਪੁੱਤਰ ਭਾਈ ਸੰਗੋ ਸ਼ਾਹ ਅਤੇ ਭਾਈ ਜੀਤ ਮੱਲ, ਪੀਰ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਤੇ ਇੱਕ ਭਰਾ ਅਤੇ ਹੋਰ ਅਨੇਕਾਂ ਸਿੱਖ ਸ਼ਹੀਦ ਹੋਏ।

ਗੁਰੂ ਸਾਹਿਬ ਜੀ ਦੀ ਤੇਗ ਅਤੇ ਤੀਰਾਂ ਦੇ ਜੌਹਰਾਂ ਨੇ ਅਨੇਕਾਂ ਵੈਰੀਆਂ ਦਾ ਖਾਤਮਾ ਕੀਤਾ, ਗੁਰੂ ਸਾਹਿਬ ਦੇ ਤੀਰਾਂ ਦੁਆਰਾ ਹੰਡੂਰ ਦੇ ਰਾਜਾ ਹਰੀ ਚੰਦ ਦੇ ਮਾਰੇ ਜਾਣ ਕਰਕੇ ਪਹਾੜੀ ਸੈਨਾ ਦੇ ਪੈਰ ਉਖੜ ਗਏ। ਇਸ ਪਹਿਲੇ ਯੁੱਧ ਵਿਚ ਜਿੱਤ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵਾਪਸ ਆ ਗਏ।

ਪਹਾੜੀ ਰਾਜਿਆਂ ਦੀਆਂ ਚਾਲਾਂ ਨੂੰ ਗੁਰੂ ਸਾਹਿਬ ਜੀ ਭਲੀ ਭਾਂਤ ਜਾਣਦੇ ਸਨ ਇਸ ਲਈ ਪਹਾੜੀ ਰਾਜਿਆਂ ਦੇ ਟਾਕਰੇ ਲਈ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਰੋਕਣ ਹਿੱਤ ਅਤੇ ਅਨੰਦਪੁਰ ਸਾਹਿਬ ਨੂੰ ਮਜ਼ਬੂਤ ਕਰਨ ਲਈ ਆਪ ਜੀ ਨੇ ਸੰਨ 1689 ਈ: ਵਿਚ ਅਨੰਦਪੁਰ ਸਾਹਿਬ ਦੇ ਦੁਆਲੇ ਕਵਚ ਦੇ ਰੂਪ ਵਿਚ ਪੰਜ ਮਜਬੂਤ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਫਤਿਹਗੜ੍ਹ, ਨਿਰਮੋਹਗੜ੍ਹ ਤੇ ਹੋਲਗੜ੍ਹ ਉਸਾਰੇ, ਫਿਰ ਵੀ ਗੁਰੂ ਸਾਹਿਬ ਜੀ ਨੇ ਪਹਾੜੀ ਰਾਜਿਆਂ ਦੀਆਂ ਗਲਤੀਆਂ ਨੂੰ ਮੁਆਫ ਕਰਦੇ ਹੋਏ ਅਤੇ ਉਨ੍ਹਾਂ ਦੀ ਸਹਾਇਤਾ ਹਿੱਤ ਮੁਗਲ ਸੈਨਾ ਨਾਲ ਹੁਸ਼ਿਆਰਪੁਰ ਤੋਂ 35 ਮੀਲ ਦੀ ਦੂਰੀ 'ਤੇ ਬਿਆਸ ਦਰਿਆ ਦੇ ਕੰਢੇ ਨਦੌਣ ਦੇ ਪਾਸ ਮੁਤਾਬਕ ਸੰਨ 1690 ਦੇ ਅਖੀਰ ਵਿਚ ਯੁੱਧ ਕੀਤਾ ਅਤੇ ਮੁਗਲ ਅਲਫ ਖਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਹੁਸੈਨੀ ਦਾ ਯੁੱਧ ਜੋ ਸੰਨ 1695 ਦੇ ਕਰੀਬ ਹੁਸੈਨ ਖਾਂ ਨਾਲ ਹੋਇਆ ਸੀ, ਵਿਚ ਵੀ ਮੁਗਲਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਜਿਸ ਵਿਚ ਹੁਸੈਨੀ ਅਤੇ ਕ੍ਰਿਪਾਲ ਚੰਦ ਕਟੋਚੀਆ ਵਰਗੇ ਪਹਾੜੀ ਰਾਜਿਆਂ ਨੂੰ ਗੁਰੂ-ਕਿਰਪਾ ਦੁਆਰਾ ਭਾਈ ਸੰਗਤ ਸਿੰਘ ਜਿਹੇ ਸੂਰਬੀਰਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੁਰੂ ਸਾਹਿਬ ਜੀ ਨੇ ਸਮਾਜ ਵਿੱਚੋਂ ਹਰ ਤਰ੍ਹਾਂ ਦੀ ਗਿਰਾਵਟ, ਹੀਣ ਭਾਵਨਾ, ਜਾਤ-ਪਾਤ, ਵਹਿਮਾਂ-ਭਰਮਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਹਿੱਤ,ਸਿੱਖ ਧਰਮ ਨੂੰ ਪੂਰਨਤਾ ਤਕ ਲੈ ਜਾਣ ਲਈ ਵੱਖਰਾ ਸਰੂਪ ਦੇਣ ਲਈ ਅਕਾਲ ਪੁਰਖ ਦੇ ਹੁਕਮਾਂ ਨੂੰ ਪ੍ਰਵਾਨ ਕੀਤਾ,ਕਿ ਇਸ ਤਰ੍ਹਾਂ ਦਾ ਪੰਥ ਹੋਵੇ ਜਿਸ ਵਿਚ ਸੰਤਾਂ ਜਿਹੀ ਪਵਿੱਤਰਤਾ, ਸੂਰਮਿਆਂ ਜਿਹੀ ਬੀਰਤਾ, ਜੋ ਨਿਮਾਣਿਆਂ ਦਾ ਮਾਣ ਬਣੇ, ਸੱਚੇ-ਸੁੱਚੇ ਅਸੂਲਾਂ ਦਾ ਮਾਲਿਕ ਹੋਵੇ, ਜੋ ਲੱਖਾਂ ਵਿਚ ਪਹਿਚਾਣਿਆ ਜਾ ਸਕੇ। ਇਨ੍ਹਾਂ ਸਭ ਗੱਲਾਂ ਨੂੰ ਪ੍ਰਪੱਕ ਕਰਨ ਲਈ ਗੁਰੂ ਸਾਹਿਬ ਜੀ ਨੇ 1 ਵੈਸਾਖ 1756 ਬਿਕ੍ਰਮੀ ਨੂੰ ਕੇਸਗੜ੍ਹ (ਅਨੰਦਪੁਰ ਸਾਹਿਬ ਵਿਖੇ) ਵਿਸਾਖੀ ਵਾਲੇ ਦਿਨ ਸੰਗਤਾਂ ਦਾ ਇਕੱਠ ਕੀਤਾ, ਜਿਸ ਵਿਚ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਸਾਜਿਆ, 'ਖਾਲਸਾ' ਸ਼ਬਦ ਦਾ ਅਰਥ ਹੈ ਮਿਲਾਵਟ ਤੋਂ ਰਹਿਤ ਅਤੇ ਸੱਚਾ-ਸੁੱਚਾ ਸੂਰਬੀਰ। ਸੋ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਉਨ੍ਹਾਂ ਨੂੰ 'ਸਿੰਘ' ਸ਼ਬਦ ਨਾਲ ਨਿਵਾਜਿਆ ਅਤੇ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥ ਦਾ ਜੈਕਾਰਾ ਬਖਸ਼ਿਸ਼ ਕੀਤਾ, "ਕਿ ਖਾਲਸਾ ਕਿਸੇ ਦਾ ਗੁਲਾਮ ਨਹੀਂ ਸਗੋਂ ਬਾਦਸ਼ਾਹ ਹੈ, ਉਹ ਸੁਤੰਤਰ ਹੈ, ਅਜ਼ਾਦ ਹੈ।" ਖਾਲਸਾ ਹੋਵੈ ਖੁਦ ਖੁਦਾ 'ਆਪੇ ਗੁਰੁ ਚੇਲਾ' ਬਣ ਕੇ ਗੁਰੂ ਸਾਹਿਬ ਜੀ ਨੇ ਆਪ ਵੀ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਕਹਾਏ, ਨਾਲ ਹੀ ਖਾਲਸੇ ਨੂੰ ਇਹ ਹਦਾਇਤਾਂ ਵੀ ਕੀਤੀਆਂ : ਚਾਰ ਬੱਜਰ ਕੁਰਹਿੱਤਾਂ :- (1) ਕੇਸਾਂ ਦੀ ਬੇਅਦਬੀ ਨਹੀਂ ਕਰਨੀ (ਕੇਸ ਕਤਲ ਨਹੀਂ ਕਰਨੇ) (2) ਪਰ ਤਨ-ਗਾਮੀ (ਪਰ-ਪੁਰਸ਼ ਜਾਂ ਪਰ-ਇਸਤਰੀ ਨਾਲ ਸੰਬੰਧ) ਨਹੀਂ। (3) ਕੁੱਠਾ (ਮੁਸਲਮਾਨੀ ਢੰਗ ਨਾਲ ਹਲਾਲ ਕੀਤਾ ਮਾਸ) ਨਹੀਂ ਖਾਣਾ। (4) ਜਗਤ-ਜੂਠ ਤਮਾਕੂ ਨੂੰ ਹੱਥ ਨਹੀਂ ਲਾਉਣਾ।

ਪੰਜ ਕਕਾਰਾਂ—ਕੇਸ, ਕੰਘਾ, ਕੜਾ, ਕ੍ਰਿਪਾਨ ਅਤੇ ਕਛਹਿਰੇ ਦੀ ਰਹਿਤ ਰੱਖਣੀ ਹੈ ਅਤੇ ਇਨ੍ਹਾਂ ਪੰਜਾਂ ਨੂੰ ਆਪਣੇ ਸਰੀਰ ਦਾ ਹਿੱਸਾ ਸਮਝਣਾ ਹੈ।

ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਜੋ ਸੰਨ 1701 ਈ: ਦੇ ਸ਼ੁਰੂ ਵਿਚ ਦੋ ਜਰਨੈਲਾਂ ਪੈਂਦੇ ਖਾਂ, ਦੀਨਾ ਬੇਗ ਨੇ ਮਿਲ ਕੇ ਕੀਤੀ, ਇਸ ਵਿਚ ਪੈਂਦੇ ਖਾਂ ਮਾਰਿਆ ਗਿਆ ਅਤੇ ਮੁਗਲ ਫੌਜ ਦੀ ਹਾਰ ਹੋਈ। ਦੂਜੀ ਲੜਾਈ ਨਵੰਬਰ 1701 ਵਿਚ ਪਹਾੜੀ ਰਾਜਿਆਂ ਅਤੇ ਗੁੱਜਰਾਂ ਦੇ ਸਰਦਾਰ ਜਮਤੁੱਲੇ ਨਾਲ ਹੋਈ। ਇਸ ਜੰਗ ਵਿਚ ਵੀ ਪਹਾੜੀ ਰਾਜਿਆਂ ਨੂੰ ਮੂੰਹ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਿੱਛੋਂ ਨਿਰਮੋਹ (ਜੋ ਕੀਰਤਪੁਰ ਦੇ ਨਜਦੀਕ ਹੈ) ਦੀ ਜੰਗ ਵੀ ਸੰਨ 1701 ਦੇ ਅਖੀਰ ਵਿਚ ਹੋਈ ਜੋ ਪਹਾੜੀ ਰਾਜਿਆਂ ਕਹਿਲੂਰੀਆ, ਹੰਡੂਰੀਆ, ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਆਪਸ ਵਿਚ ਮਿਲੀ-ਭੁਗਤ ਦੇ ਕਾਰਨ ਹੋਈ। ਜਿੱਥੇ ਗੁਰੂ ਸਾਹਿਬ ਜੀ ਨੇ ਅਨੇਕਾਂ ਧਰਮ ਜੰਗਾਂ ਲੜੀਆਂ,ਉਥੇ ਚਮਕੌਰ ਸਾਹਿਬ ਦੀ ਜੰਗ ਸਿੱਖ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਸਿੱਖ ਇਤਿਹਾਸ ਵਾਚਣ ਉਪਰੰਤ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਜਦੋਂ ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ ਤਾਂ ਉਸ ਸਮੇਂ ਸਰਸਾ ਦੇ ਕਿਨਾਰੇ ਮੁਗਲਾਂ ਨਾਲ ਬਹੁਤ ਭਿਆਨਕ ਜੰਗ ਹੋਈ ਜਿਸ ਵਿਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਇੱਥੇ ਆਪ ਜੀ ਦਾ ਕਾਫਲਾ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲੋਂ ਵਿੱਛੜ ਗਿਆ, ਜਿੱਥੋਂ ਆਪ ਜੀ ਦਾ ਰਸੋਈਆ ਗੰਗੂ, ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਜੋ ਮੋਰਿੰਡੇ ਸਟੇਸ਼ਨ ਤੋਂ 2-3 ਮੀਲ 'ਤੇ ਹੈ, ਲੈ ਗਿਆ। ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਚਲੇ ਗਏ।

ਗੁਰੂ ਸਾਹਿਬ ਜੀ ਥੋੜ੍ਹੇ ਜਿਹੇ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਕੋਟਲਾ ਨਿਹੰਗ ਖਾਂ ਹੁੰਦੇ ਹੋਏ ਅਗਲੇ ਦਿਨ ਚਮਕੌਰ ਸਾਹਿਬ ਪਹੁੰਚੇ। ਚਮਕੌਰ ਸਾਹਿਬ ਦੀ ਭਿਆਨਕ ਜੰਗ ਹੋਈ ਜਿਸ ਵਿਚ ਆਪ ਜੀ ਦੇ ਦੋਵਾਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਆਪਣੀ ਤਲਵਾਰ ਦੇ ਜੌਹਰ ਦਿਖਾਉਂਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕੀਤੀ। ਚਮਕੌਰ ਦੀ ਗੜ੍ਹੀ ਵਿਚ ਜਿਸ ਅਸਥਾਨ 'ਤੇ ਸ਼ਹੀਦ ਹੋਏ

ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਉਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਸੁਸ਼ੋਭਿਤ ਹੈ। ਸੂਰਜ ਅਸਤ ਹੋਣ ਨਾਲ ਜਦੋਂ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਸਿਰਫ ਗਿਣਤੀ ਦੇ ਸਿੰਘ ਰਹਿ ਗਏ ਸਨ। ਇੰਨੀ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਸਿੰਘਾਂ ਦੇ ਹੌਸਲੇ ਬੁਲੰਦ ਸਨ। ਗੜ੍ਹੀ ਵਿਚਲੇ ਸਿੰਘਾਂ ਵਿੱਚੋਂ ਪੰਜਾਂ ਸਿੰਘਾਂ ਨੇ ਪੰਥ ਦੇ ਵਾਲੀ ਦਸ਼ਮੇਸ਼ ਗੁਰੂ ਜੀ ਨੂੰ ਚਮਕੌਰ ਦੀ ਗੜ੍ਹੀ ਛੱਡ ਜਾਣ ਦਾ ਹੁਕਮ ਦਿੱਤਾ, ਸੋ ਪੰਥ ਦਾ ਹੁਕਮ ਪ੍ਰਵਾਨ ਕਰਦੇ ਹੋਏ ਆਪ ਜੀ ਨੇ ਇੱਕ ਵੱਖਰਾ ਹੀ ਇਤਿਹਾਸ ਰਚ ਦਿੱਤਾ। ਗੁਰੂ ਸਾਹਿਬ ਨੇ ਆਪਣੀ ਜ਼ਿਗਾ ਅਤੇ ਕਲਗੀ ਆਪਣੇ ਬਚਪਨ ਦੇ ਹਮਸ਼ਕਲ ਅਤੇ ਹਮਉਮਰ ਬਾਬਾ ਸੰਗਤ ਸਿੰਘ ਦੇ ਸੀਸ 'ਤੇ ਸਜਾ ਕੇ ਅਤੇ ਬਾਬਾ ਸੰਗਤ ਸਿੰਘ ਨੂੰ ਵੈਰੀਆਂ ਨਾਲ ਡਟ ਕੇ ਮੁਕਾਬਲਾ ਕਰਨ ਅਤੇ ਜਿਉਂਦੇ-ਜੀਅ ਵੈਰੀ ਦੇ ਹੱਥ ਨਾ ਆ ਕੇ ਜੰਗ ਵਿਚ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਣ ਦੀ ਤਾਕੀਦ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਨਾਲ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ ਅਤੇ ਤਿੰਨ ਸਿੰਘਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਮਾਛੀਵਾੜੇ ਦੀ ਧਰਤੀ ਦੇ ਭਾਗ ਜਗਾਉਣ ਆ ਗਏ।

ਮਾਛੀਵਾੜੇ ਦੇ ਜੰਗਲਾਂ ਵਿਚ ਆਪ ਜੀ ਨੂੰ ਦੋ ਮਸੰਦ ਭਰਾ ਭਾਈ ਗੁਲਾਬਾ ਅਤੇ ਭਾਈ ਪੰਜਾਬਾ ਮਿਲੇ। ਇਹ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਲੈ ਗਏ। ਇੱਥੇ ਹੀ ਘੋੜਿਆਂ ਦੇ ਸੌਦਾਗਰ ਨਬੀ ਖਾਂ ਅਤੇ ਗਨੀ ਖਾਂ ਆਪ ਜੀ ਨੂੰ ਮਿਲੇ। ਇੱਥੇ ਹੀ ਕੁਝ ਸਮਾਂ ਪਹਿਲਾਂ ਗੁਰੂ ਸਾਹਿਬ ਦੁਆਰਾ ਮਾਤਾ ਗੁਰਦੇਈ ਜੀ ਨੂੰ ਅਮਾਨਤ ਦੇ ਤੌਰ 'ਤੇ ਦਿੱਤੇ ਹੋਏ ਖੱਦਰ ਨੂੰ ਨਬੀ ਖਾਂ ਅਤੇ ਗਨੀ ਖਾਂ ਦੁਆਰਾ ਨੀਲੇ ਰੰਗ ਦਾ ਰੰਗਾ ਕੇ ਰਾਤੋ-ਰਾਤ ਗੁਰੂ ਸਾਹਿਬ ਜੀ ਲਈ ਚੋਲਾ ਤਿਆਰ ਕਰਵਾਇਆ ਗਿਆ, ਜਿਸ ਨੂੰ ਪਹਿਨ ਕੇ ਦਿਨ ਚੜ੍ਹਦੇ ਹੀ ਉਹ ਆਪ ਜੀ ਨੂੰ ਉਚ ਦੇ ਪੀਰ ਦੇ ਭੇਸ ਵਿਚ ਵੱਖ-ਵੱਖ ਪਿੰਡਾਂ ਤੋਂ ਹੁੰਦੇ ਹੋਏ ਆਲਮਗੀਰ ਵਿਖੇ ਲੈ ਆਏ, ਅਤੇ ਫਿਰ ਰਾਏ ਕੋਟ ਵਿਖੇ ਡੇਰਾ ਸੀਲੋਆਣੀ ਦੀ ਜੂਹ ਵਿਚ ਗੁਰੂ ਸਾਹਿਬ ਜੀ ਆਪਣੇ ਮੁਰੀਦ ਚੌਧਰੀ ਰਾਏ ਕੱਲ੍ਹੇ ਨੂੰ ਮਿਲੇ। ਆਪ ਨੇ ਚੌਧਰੀ ਰਾਏ ਕੱਲ੍ਹੇ ਦੇ ਨੌਕਰ, ਨੂਰੇ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ ਸਰਹੰਦ ਭੇਜਿਆ। ਨੂਰੇ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਖਬਰ ਗੁਰੂ ਸਾਹਿਬ ਨੂੰ ਰੋ-ਰੋ ਕੇ ਦੱਸੀ ਕਿ ਵਜ਼ੀਰ ਖਾਂ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ ਅਤੇ ਦਾਦੀ ਮਾਂ ਵੀ ਮਾਸੂਮ ਪੋਤਰਿਆਂ ਦੀ ਸ਼ਹਾਦਤ ਨੂੰ ਪ੍ਰਵਾਨ ਚੜ੍ਹੀ ਜਾਣ ਕੇ ਅਕਾਲ ਪੁਰਖ ਦੇ ਭਾਣੇ ਵਿਚ ਸ਼ੁਕਰਾਨਾ ਕਰਦਿਆਂ ਸਰੀਰ ਛੱਡ ਗਏ ਤਾਂ ਇਹ ਸਾਰਾ ਹਾਲ ਸੁਣ ਕੇ ਉਸ ਵੇਲੇ ਗੁਰੂ ਸਾਹਿਬ ਜੀ ਨੇ ਕਿਹਾ ਕਿ ਜ਼ਾਲਮ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ।

ਜਦੋਂ ਪੂਜ ਮਾਤਾਵਾਂ ਨੇ ਸਾਬੋ ਦੀ ਤਲਵੰਡੀ ਸ੍ਰੀ ਦਮਦਮਾ ਸਾਹਿਬ ਵਿਖੇ ਆਪ ਜੀ ਨੂੰ ਪੁੱਛਿਆ ਕਿ ਸਾਡੇ ਲਾਲ ਕਿੱਥੇ ਹਨ ਤਾਂ ਆਪ ਨੇ ਖਾਲਸਾ ਪੰਥ ਵੱਲ ਇਸ਼ਾਰਾ ਕਰਦਿਆਂ ਮੁਸਕਰਾਉਂਦਿਆਂ ਹੋਇਆ ਕਿਹਾ ਸੀ:

**ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।**
**ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ !**

ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਹੋ ਗਈ। ਹੁਣ ਗੁਰੂ ਸਾਹਿਬ ਜੀ ਨੇ ਆਪਣਾ ਰੁਖ਼ (ਦੱਖਣ ਵੱਲ) ਨੰਦੇੜ ਵੱਲ ਕੀਤਾ। ਆਪ ਜੀ ਮਾਧੋਦਾਸ ਨੂੰ ਮਿਲੇ। ਆਪ ਨੇ ਮਾਧੋ ਦਾਸ ਵੈਰਾਗੀ ਨੂੰ ਰਿਧੀਆਂ-ਸਿੱਧੀਆਂ ਦੇ ਮਾਰਗ ਦਾ ਤਿਆਗ ਕਰਵਾ ਕੇ ਉਸ ਨੂੰ ਗੁਰਮਤਿ ਦੇ ਸੱਚੇ-ਸੁੱਚੇ ਮਾਰਗ ਦਾ ਪਾਂਧੀ ਬਣਾਇਆ, ਉਸ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਨ ਉਪਰੰਤ ਬਾਬਾ ਬੰਦਾ ਸਿੰਘ ਦੇ ਨਾਮ ਨਾਲ ਨਿਵਾਜਿਆ ਅਤੇ ਮੁਗਲਾਂ ਨਾਲ ਟੱਕਰ ਲੈਣ ਲਈ ਖਾਲਸੇ ਦਾ ਜਥੇਦਾਰ ਥਾਪ ਕੇ ਉਸ ਨੂੰ ਬਖਸ਼ਿਸ ਵਜੋਂ ਪੰਜ ਤੀਰ, ਇੱਕ ਨਿਸ਼ਾਨ ਸਾਹਿਬ, ਇੱਕ ਨਗਾਰਾ, ਪੰਜ ਪਿਆਰੇ ਭਾਈ ਕਾਹਨ ਸਿੰਘ, ਭਾਈ ਰਣ ਸਿੰਘ, ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਅਤੇ ਹੋਰ 25 ਸਿੰਘਾਂ ਦੀ ਫੌਜ ਦੇ ਕੇ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਪੰਜਾਬ ਵੱਲ ਰਵਾਨਾ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੇ ਅਨੰਦਮਈ ਦਿਨ ਵੀ ਦੇਖੇ। ਪਾਉਂਟਾ ਸਾਹਿਬ ਦੀ ਧਰਤੀ 'ਤੇ ਕੁਦਰਤੀ ਨਜ਼ਾਰੇ ਵੀ ਮਾਣੇ ਪਰ ਨਾਲ ਹੀ ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ ਵਿੱਚ ਸਫਰ ਵੀ ਕੀਤੇ, ਲੜਾਈਆਂ ਵੀ ਲੜੀਆਂ। ਇਸ ਸਭ ਕੁਝ ਦੇ ਬਾਵਜੂਦ ਵੀ ਆਪ ਨੇ ਕੇਵਲ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਕੀਤਾ। ਉੱਘੇ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਅਨੁਸਾਰ, "ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿੱਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।"


7 ਅਕਤੂਬਰ 1708 ਨੂੰ ਗੁਰੂ ਜੀ ਨੇ ਆਪਣੇ ਪੁੱਤਰ ਖਾਲਸੇ ਦੇ ਸਦਾ ਸੰਗ ਰਹਿਣ ਦਾ ਵਾਅਦਾ ਕਰਕੇ ਖਾਲਸੇ ਨੂੰ ਆਪਣੇ ਪਿਆਰ ਦਾ ਥਾਪੜਾ ਦੇ ਕੇ ਅਤੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਸੀਸ ਝੁਕਾ ਦਿੱਤਾ। ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਿਸ਼ ਕਰਕੇ 7 ਅਕਤੂਬਰ 1708 ਨੂੰ ਕਲਗੀਆਂ ਵਾਲੇ ਸਰਬੰਸ ਦਾਨੀ ਪਾਤਸ਼ਾਹ, ਪ੍ਰੀਤਮ ਕੇ ਦੇਸ਼ ਸੱਚਖੰਡ ਪਿਆਨਾ ਕਰ ਗਏ।

ਆਓ! ਦਸਮੇਸ਼ ਪਿਤਾ ਜੀ ਦਾ ਪਾਵਨ ਪ੍ਰਕਾਸ਼ ਮਨਾਉਂਦੇ ਹੋਏ ਆਪ ਜੀ ਦੀ ਦ੍ਰਿੜ੍ਹਾਈ ਸਿੱਖਿਆ, 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ ਅਤੇ ਲੋਕਾਈ ਲਈ ਚੰਗੇ ਕੰਮ ਕਰੀਏ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਸ਼ਹੀਦ ਬਾਬਾ ਦੀਪ ਸਿੰਘ ਜੀ

ਡਾ. ਕੁਲਦੀਪ ਸਿੰਘ ਹਉਰਾ



ਸਿੱਖ ਕੌਮ ਦਾ ਅਮੀਰ ਵਿਰਸਾ ਸ਼ਹਾਦਤ ਹੈ। ਜਿਤਨੀਆਂ ਸ਼ਹਾਦਤਾਂ ਇਸ ਕੌਮ ਦੇ ਵਡਿੱਕਿਆਂ ਨੇ ਦੇ ਕੇ ਸਿੱਖੀ ਦੀ ਨੀਂਹ ਪੱਕੀ ਕੀਤੀ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਤਨੀਆਂ ਸ਼ਹਾਦਤਾਂ ਦਿੱਤੀਆਂ ਹੋਣਗੀਆਂ ! ਸਿੱਖ ਸ਼ਹੀਦ ਦੀ ਵਿਲੱਖਣ ਕਾਰਦਾਰੀ ਇਹ ਹੈ ਕਿ ਉਹ 'ਸ਼ਹੀਦੀ' ਨੂੰ ਸਦਾ ਯਾਦ ਰੱਖਦੇ ਰਹੇ ਹਨ ਤੇ ਵਕਤ ਪੈਣ 'ਤੇ ਸ਼ਹੀਦੀ ਦੇਣ ਤੋਂ ਕਿਸੇ ਨੇ ਕਦੇ ਮੂੰਹ ਨਹੀਂ ਮੋੜਿਆ। ਕਾਰਨ ਇਹ ਹੈ ਕਿ ਉਨ੍ਹਾਂ ਕਦੇ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਨਹੀਂ ਭੁਲਾਇਆ ਸੀ, ਸਗੋਂ ਉਨ੍ਹਾਂ ਦੀ ਰਸਨਾ 'ਤੇ ਸਦਾ 'ਉਸਦਾ' ਨਾਮ ਤੇ ਦਿਲ ਵਿਚ ਬਦੀ ਨਾਲ ਸਦਾ ਯੁੱਧ ਕਰਨ ਦਾ ਚਾਅ ਰਹਿੰਦਾ ਸੀ। ਇਸੇ ਲਈ ਗੁਰੂ ਕਲਗੀਧਰ ਜੀ ਦੇ ਕਥਨ 'ਜਬ ਆਵ ਕੀ ਆਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ।' ਗੁਰੂ ਕਲਗੀਧਰ ਜੀ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਤੇ ਸ਼੍ਰੋਮਣੀ ਸਿੱਖ ਵੀ ਸ਼ਹੀਦੀਆਂ ਤੋਂ ਕਦੇ ਡਰੇ ਤ੍ਰਿਸਕੇ ਨਹੀਂ, ਸਗੋਂ ਜਦ ਵੀ ਐਸਾ ਮੌਕਾ ਆਇਆ ਉਨ੍ਹਾਂ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਧਰਮ ਤੇ ਕੌਮ ਨਾਲੋਂ ਜਾਨਾਂ ਕਦੇ ਵੀ ਪਿਆਰੀਆਂ ਨਹੀਂ ਸਮਝੀਆਂ।

ਐਸੇ ਹੀ ਮਹਾਨ ਸ਼ਹੀਦ ਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਨੂੰ ਪਹੂਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਭਗਤਾਂ ਜੀ ਦੇ ਘਰ ਮਾਤਾ ਜਿਊਣੀ ਦੀ ਸੁਭਾਗ ਕੁੱਖੋਂ ਹੋਇਆ। ਆਪ ਭਰ ਜਵਾਨੀ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹਾਜ਼ਰ ਹੋ ਗਏ ਤੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਬਚਪਨ ਤੋਂ ਜਵਾਨੀ ਤਕ ਆਪ ਨੇ ਕਸਰਤਾਂ ਕਰਕੇ ਆਪਣਾ ਜੁੱਸਾ ਕਮਾਇਆ ਹੋਇਆ ਸੀ। ਆਨੰਦਪੁਰ ਆ ਕੇ ਆਪ ਨੇ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਸਿੱਖੇ। ਇਸ ਤਰ੍ਹਾਂ ਆਪ ਰਿਸ਼ਟ-ਪੁਸ਼ਟ ਸੁਹਣੇ ਜਵਾਨ ਬਣੇ। ਜਿਸ ਖੇਡ ਖੇਡਣ ਦੀ ਤਿਆਰੀ ਬਾਬਾ ਦੀਪ ਸਿੰਘ ਜੀ ਕਰ ਰਹੇ ਸਨ, ਉਹ ਖੇਡ ਅੱਗੇ ਕਿਸੇ ਖਿਡਾਰੀ ਨੇ ਨਹੀਂ ਸੀ ਖੇਡੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ ! ਆਪ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਆਪ ਗੁਰੂ ਮਹਿਲਾਂ ਨਾਲ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਦਿਲੀ ਆ ਗਏ। ਜਦੋਂ ਹਾਲਾਤ ਕੁਝ ਸਾਜ਼ਗਾਰ ਹੋਏ ਤਾਂ ਆਪ ਗੁਰੂ-ਮਹਿਲਾਂ ਨਾਲ ਮੁੜ ਪੰਜਾਬ ਵਾਪਸ ਆ ਗਏ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਆਪ ਬੜੇ ਨੇਮੀ-ਪ੍ਰੇਮੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕਿਆਮ ਕਰ ਰਹੇ ਸਨ ਤਾਂ ਆਪ ਨੇ ਬਾਬਾ ਦੀਪ ਸਿੰਘ ਨੂੰ ਉਥੇ ਬੁਲਾ ਭੇਜਿਆ। ਜਦੋਂ ਆਪ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਭਾਈ ਮਨੀ ਜੀ ਦੇ ਨਾਲ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਨ ਦੇ ਆਦੇਸ਼ ਦਿੱਤੇ। ਦੱਖਣ ਵਾਲੇ ਪਾਸੇ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁਰੂ-ਮਹਿਲਾਂ ਪਾਸ ਛੱਡ ਗਏ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿਛੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਜੀ ਵੀ ਆਪ ਦੀ ਫੌਜ ਵਿਚ ਸ਼ਾਮਲ ਹੋ ਗਏ ਅਤੇ ਸਰਹੰਦ, ਸਢੌਰਾ ਆਦਿ ਥਾਵਾਂ 'ਤੇ ਲੜੀਆਂ ਗਈਆਂ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜੇ ਤੇ ਜ਼ਾਲਮਾਂ ਦੇ ਆਹੂ ਲਾਹੇ। ਇਸ 'ਤੇ ਆਪ ਸਿੱਖ ਫੌਜਾਂ ਵਿਚ ਪਹਿਲੀ ਕਤਾਰ ਦੇ ਸੂਰਬੀਰਾਂ ਵਿਚ ਗਿਣੇ ਜਾਣ ਲੱਗੇ।

ਲੜਾਈਆਂ ਤੋਂ ਜ਼ਰਾ ਵਿਹਲ ਮਿਲੀ ਤਾਂ ਬਾਬਾ ਜੀ ਫੇਰ ਦਮਦਮਾ ਸਾਹਿਬ ਆ ਗਏ। ਉਥੇ ਰਹਿ ਕੇ ਆਪ ਨੇ ਬੜੀ ਰੀਝ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ-ਲਿਖਤ ਉਤਾਰੇ ਕੀਤੇ। ਉਪਰੰਤ ਫੇਰ ਆਪ ਗੁਰਮਤਿ ਪ੍ਰਚਾਰ ਵਿਚ ਜੁਟ ਗਏ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪੰਜਾਬ ਵਿਚ ਸਿੰਘ ਹੀ ਉਸ ਦੇ ਸਾਹਮਣੇ ਟਿਕੇ ਜੋ ਉਸ ਨਾਲ ਦੋ-ਦੋ ਹੱਥ ਕਰਦੇ ਰਹੇ। ਅਬਦਾਲੀ ਨੂੰ ਪਤਾ ਲਗ ਚੁੱਕਾ ਸੀ ਕਿ ਜਦ ਤਕ ਸਿੱਖ ਉਸ ਦੇ ਰਾਹ ਵਿਚੋਂ ਨਹੀਂ ਹਟਦੇ, ਉਸ ਦਾ ਹਿੰਦੁਸਤਾਨ 'ਤੇ ਕਬਜ਼ਾ ਕਰਨ ਦਾ

ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਸੋ ਉਸਨੇ ਤੈਮੂਰ ਸ਼ਾਹ ਨੂੰ ਆਖ ਕੇ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਇਸ ਪਰਮ ਧਰਮ-ਸਥਾਨ ਦੀ ਬੇਅਦਬੀ ਕੀਤੀ। ਇਹ ਦੁਖਦਾਈ ਖ਼ਬਰ ਸੁਣ ਕੇ ਬਾਬਾ ਦੀਪ ਸਿੰਘ ਜੀ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਨ੍ਹਾਂ ਦੇ ਡੌਲੇ ਫਰਕੇ ਅਤੇ ਉਨ੍ਹਾਂ ਨੇ ਜ਼ਾਲਮਾਂ ਨੂੰ ਸੋਧਣ ਲਈ ਕਮਰ-ਕੱਸੇ ਕੀਤੇ ਅਤੇ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਦਮਦਮਾ ਸਾਹਿਬ ਤੋਂ ਕੁਝ ਹੋਰ ਸਿਰਲੱਥ ਯੋਧੇ ਆਪ ਨਾਲ ਰਲ ਪਏ ਜੋ ਪੜਾਅ-ਦਰ-ਪੜਾਅ ਤਰਨਤਾਰਨ ਆ ਪੁੱਜੇ। ਰਸਤੇ ਵਿਚ ਹੋਰ ਸੂਰਬੀਰ ਸਿੰਘ ਵੀ ਆਪ ਜੀ ਨਾਲ ਸ਼ਾਮਿਲ ਹੁੰਦੇ ਗਏ। ਆਪ ਨੇ ਸਾਥੀਆਂ ਨੂੰ ਸੁਚੇਤ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੇ ਨਾਲ ਉਹੀ ਰਲੇ ਜਿਸ ਨੂੰ ਸਿਰ ਪਿਆਰਾ ਨਾ ਹੋਵੇ, ਗੁਰੂ ਪਿਆਰਾ ਹੋਵੇ! ਆਪ ਨੇ ਕਿਹਾ, "ਮੈਂ ਅੱਜ ਸੰਸਾਰ ਨੂੰ ਐਸੀ ਖੇਡ ਖੇਡ ਕੇ ਵਿਖਾਵਾਂਗਾ ਕਿ ਲੋਕ ਹੈਰਾਨ ਰਹਿ ਜਾਣਗੇ।" ਇਹ ਖੇਡ ਸੀ, 'ਸਿਰ ਤਲੀ 'ਤੇ ਰੱਖ ਕੇ ਲੜਨ ਦੀ।' ਇਸ ਖੇਡ ਦਾ ਅਭਿਆਸ ਉਹ ਕੁਝ ਸਮੇਂ ਤੋਂ ਕਰ ਰਹੇ ਸਨ ਤੇ ਅੱਜ ਪ੍ਰਦਰਸ਼ਨੀ ਕਰਨ ਦਾ ਸਮਾਂ ਆ ਗਿਆ ਸੀ। ਸੋ ਉਨ੍ਹਾਂ ਆਪਣੀ ਖੇਡ ਵਿਚ ਸ਼ਾਮਿਲ ਹੋਣ ਵਾਲੇ ਬਾਕੀ ਸੰਗੀਆਂ-ਸਾਥੀਆਂ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੀ ਟੀਮ ਵਿਚ ਉਹ ਹੀ ਸ਼ਾਮਿਲ ਹੋਵੇ, ਜਿਸ ਸਿਰ ਤਲੀ ਉਤੇ ਰੱਖਿਆ ਹੋਵੇ! ਬਾਬਾ ਜੀ ਨੇ ਖੰਡੇ ਨਾਲ ਜ਼ਮੀਨ ਉਤੇ ਇਕ ਲਕੀਰ ਖਿੱਚ ਕੇ, ਉਨ੍ਹਾਂ ਸੂਰਬੀਰਾਂ ਨੂੰ ਲਕੀਰ ਟੱਪ ਆਉਣ ਲਈ ਲਲਕਾਰਿਆ, ਜਿਨ੍ਹਾਂ ਨੇ ਸਿਰ ਧਰਮ ਦੇ ਲੇਖੇ ਲਾਉਣਾ ਹੋਵੇ! ਇਤਿਹਾਸ ਅਨੁਸਾਰ ਬਾਬਾ ਜੀ ਦੇ ਸਾਥੀਆਂ ਵਿਚੋਂ ਇਕ ਵੀ ਐਸਾ ਨਾ ਰਿਹਾ, ਜਿਸ ਖੁਸ਼ੀ-ਖੁਸ਼ੀ ਲਕੀਰ ਨਾ ਟੱਪੀ ਹੋਵੇ।

ਇਨ੍ਹਾਂ ਸੂਰਬੀਰਾਂ ਸਿਰਲੱਥ ਯੋਧਿਆਂ ਨਾਲ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵੱਲ ਨੂੰ ਵਧਦੇ ਚਲੇ ਆ ਰਹੇ ਸਨ। ਅੱਗੋਂ ਚਾਲੀ ਹਜ਼ਾਰ ਗਿਲਜੇ ਵੀ ਉਨ੍ਹਾਂ ਨੂੰ ਸ਼ਹੀਦੀ-ਸੱਦਾ ਦੇਣ ਲਈ ਤਿਆਰ ਸਨ। ਬਾਬਾ ਜੀ ਗਿਣਤੀ ਦੇ ਕੁਝ ਕੁ ਸਾਥੀਆਂ ਸਮੇਤ ਆਪਣੀ ਖੇਡ ਖੇਡਦੇ ਹੋਏ ਤਰਨਤਾਰਨ ਤੋਂ ਅੰਮ੍ਰਿਤਸਰ ਵੱਲ ਵਧਦੇ ਆ ਰਹੇ ਸਨ ਕਿ ਸੂਰਮਗਤੀ ਦੀ ਅਤਿ ਪ੍ਰਸ਼ੰਸ਼ਾਯੋਗ ਤੇ ਹੈਰਾਨੀਜਨਕ ਕਿਰਿਆ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਅੱਜ ਤੱਕ ਲੋਕਾਂ ਨੇ ਅਜਿਹੀ ਖੇਡ ਨਹੀਂ ਸੀ ਵੇਖੀ ਜਿਹੋ ਜਿਹੀ ਅੱਜ ਵੇਖ ਰਹੇ ਸਨ। ਲੜਦਿਆਂ ਹੋਇਆਂ ਬਾਬਾ ਜੀ ਦੀ ਗਰਦਨ ਉਤੇ ਇਕ ਤਕੜਾ ਤੇ ਮਾਰੂ ਜ਼ਖ਼ਮ ਲੱਗਾ ਪਰ ਆਪ ਨੇ ਉਸ ਕਾਰੀ ਫੱਟ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਣੇ ਖੱਬੇ ਹੱਥ ਦਾ ਸਹਾਰਾ ਦੇ ਕੇ ਸੱਜੇ ਹੱਥ ਨਾਲ ਯੁੱਧ ਜਾਰੀ ਰੱਖਿਆ। ਵੇਖਣ ਵਾਲੇ ਐਸੀ ਸੂਰਮਗਤੀ ਵੇਖਕੇ ਹੈਰਾਨੀ ਤੇ ਡਰ ਨਾਲ ਉਂਗਲਾਂ ਮੂੰਹ ਵਿਚ ਪਾ ਰਹੇ ਸਨ। ਇਹ ਸਿਰ ਤਲੀ 'ਤੇ ਰੱਖਣ ਦੀ ਖੇਡ ਅਨੋਖੀ ਤੇ ਵਚਿੱਤਰ ਸੀ। ਅੰਤ ਬਾਬਾ ਜੀ ਆਪਣੇ ਕੀਤੇ ਪ੍ਰਣ ਅਨੁਸਾਰ ਸ੍ਰੀ ਅੰਮ੍ਰਿਤਸਰ ਵਿਖੇ ਪੁੱਜਣ ਵਿਚ ਸਫਲ ਹੋ ਗਏ। ਜਿਥੇ ਆਪ ਸ਼ਹੀਦ ਹੋਏ, ਉਥੇ ਆਪ ਦੀ ਯਾਦਗਾਰ ਕਾਇਮ ਹੈ। ਇਹ ਸਾਕਾ ੧੭੬੨ ਈਸਵੀ ਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ"**

ਵਾਲੀ ਗੱਲ ਹੋਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ ਨੇ ਸਿੰਘਾਂ ਵਿਚ ਐਸਾ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਕਿ ਜੰਬੂਰਾਂ ਨਾਲ ਖੱਲਾਂ ਲੱਥੀਆਂ, ਚਰਖੜੀਆਂ ਉਤੇ ਚੜ੍ਹਨਾ ਪਿਆ, ਬੰਦ-ਬੰਦ ਕਟਾਏ ਗਏ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਝੱਲੇ ਪਰ ਜਿੱਤ ਸੱਚ ਤੇ ਧਰਮ ਦੀ ਹੋਈ ਅਤੇ ਪੰਜਾਬ ਉਤੇ ਸਿੱਖਾਂ ਦਾ ਰਾਜ ਹੋਇਆ, ਗੁਰੂ ਦੇ ਨਾਮ ਦਾ ਸਿੱਕਾ ਚੱਲਿਆ। ਬਾਬਾ ਦੀਪ ਸਿੰਘ ਜੀ ਨੂੰ ਧਰਮ ਦੀ ਰੱਖਿਆ ਕਰਨ, ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਅਤੇ ਕੌਮ ਦਾ ਸਿਰ ਉੱਚਾ ਰੱਖਣ ਲਈ ਸ਼ਹੀਦੀ ਦੇਣੀ ਪਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਚੜ੍ਹਦੀ ਕਲਾ ਵਾਲੇ ਚਲਾਏ ਹੋਏ ਕਾਰਜਾਂ ਵਿਚ ਬਾਬਾ ਜੀ ਨੇ ਪ੍ਰਸ਼ੰਸ਼ਾਯੋਗ ਯੋਗਦਾਨ ਪਾਇਆ ਤੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਵੀ ਪੰਥ ਦੀ ਸ਼ਾਨ ਕਾਇਮ ਰੱਖਣ ਲਈ ਜਾਨ ਪਿਆਰੀ ਨਹੀਂ ਕੀਤੀ ਸਗੋਂ ਸ੍ਵੈਮਾਨ ਕਾਇਮ ਰੱਖਦਿਆਂ ਹੋਇਆਂ ਗੁਰੂ ਸਾਹਿਬ ਦਾ ਮਹਾਨ ਵਾਕ

**"ਜਬ ਆਵ ਕੀ ਅਉਧ ਨਿਦਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋਂ"**

ਸੱਚ ਕਰ ਵਿਖਾਇਆ। ਬਾਬਾ ਦੀਪ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਬੋਲੀਆਂ ਫਾਰਸੀ, ਸੰਸਕ੍ਰਿਤ ਤੇ ਅਰਬੀ ਆਦਿ ਪੜ੍ਹੀਆਂ ਤੇ ਵੱਧ ਤੋਂ ਵੱਧ ਗਿਆਨ ਪ੍ਰਾਪਤੀ ਦਾ ਖਿਆਲ ਰੱਖਦਿਆਂ ਹੋਇਆਂ ਸ਼ਾਸ਼ਤਰਾਂ ਦਾ ਅਭਿਆਸ ਵੀ ਜਾਰੀ ਰੱਖਿਆ। ਆਪ ਨਿਰੇ ਯੋਧੇ ਹੀ ਨਹੀਂ ਸਨ, ਵਿਦਵਾਨ ਵੀ ਸਨ। ਆਪ ਬਾਰੇ ਕਿਹਾ ਜਾਂਦਾ ਹੈ ਕਿ ਆਪ ਨਿਤਨੇਮ ਤੋਂ ਛੁੱਟ ਵਿਹਲੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਿਆ ਕਰਦੇ ਸਨ।

ਆਪ ਨੇ ਇਕ ਟਕਸਾਲੀ ਸਿੰਘ ਵਾਂਗ "ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ" ਵਾਲਾ ਨਮੂਨੇ ਦਾ ਜੀਵਨ ਬਤੀਤ ਕੀਤਾ।

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਖਿਦਰਾਣੇ ਦੀ ਢਾਬ ਤੋਂ ਮੁਕਤਸਰ

ਮੁਕਤਸਰ ਜਿਸ ਦਾ ਪਹਿਲਾਂ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ, ਇਕ ਪ੍ਰਸਿੱਧ ਨਗਰ ਹੈ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਅਸਥਾਨ ਨੂੰ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖੂਨ ਨਾਲ ਇਹ ਧਰਤੀ ਹਮੇਸ਼ਾਂ-ਹਮੇਸ਼ਾਂ ਪਾਵਨ ਹੋ ਮੁਕਤਸਰ ਅਖਵਾਈ। ਹੁਣ ਲੋਕ ਇਸ ਪਾਵਨ ਧਰਤੀ, ਪਾਵਨ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫ਼ਲ ਕਰਦੇ ਹਨ। 1701 ਈ. ਤੱਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਇਸ ਲਈ ਉਨ੍ਹਾਂ ਗੁਰੂ ਸਾਹਿਬ ਨਾਲ ਦੋ ਹੱਥ ਕਰਨ ਲਈ ਔਰੰਗਜ਼ੇਬ ਤੋਂ ਫੌਜੀ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ, ਲਾਹੌਰ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।

ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਦੁਸ਼ਮਣ ਦੇ ਵਾਰ-ਵਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ। ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਗੁਰੂ ਸਾਹਿਬ ਨੂੰ ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਪੇਟ ਦੀ ਭੁੱਖ ਸਹਿਣੀ ਕੋਈ ਸੁਖਾਲੀ ਨਹੀਂ। ਇਹ ਇਨਸਾਨ ਨੂੰ ਕੁਝ ਵੀ ਕਰਨ ਵਾਸਤੇ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ 40 ਸਿੰਘਾਂ ਨੇ ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਪੇਸ਼ ਹੋ ਇਨ੍ਹਾਂ ਸਿੰਘਾਂ ਬੇਨਤੀ ਕੀਤੀ-'ਗੁਰਦੇਵ! ਅਸੀਂ ਜਾਣਾ ਚਾਹੁੰਦੇ ਹਾਂ।'

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ-ਦੇ ਜਾਓ। ਸਿੰਘਾਂ ਲਿਖ ਕੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਜਿਸ ਵਿਚ ਲਿਖਿਆ ਸੀ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਲੰਮੇਰੀ ਜੰਗ ਤੋਂ ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖਤਾਂ ਹੇਠ ਬਾਦਸ਼ਾਹ ਵੱਲੋਂ ਪਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤੇ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ, ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਥਿਤੀ ਉੱਪਰ ਵਿਚਾਰ ਮਗਰੋਂ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਅਨੰਦਗੜ੍ਹ ਖਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ ਭੁਲਾ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਚਮਕੌਰ ਦੀ ਗੜ੍ਹੀ ਵਿਚੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਈ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ।

ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣਾਂ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿਚ ਲੜ ਰਹੇ ਸਨ, ਜੋ ਗੁਰਦੇਵ ਜੀ ਤੋਂ ਬੇਮੁਖ ਹੋ ਅਨੰਦਪੁਰ ਸਾਹਿਬ ਛੱਡ ਆਏ ਸਨ। ਸਮੇਂ-ਸਮੇਂ ਗੁਰਦੇਵ ਜੀ ਨੇ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੁਸ਼ਮਣ ਫੌਜਾਂ ਹਾਰ ਗਈਆਂ ਅਤੇ ਅਕਾਲ ਪੁਰਖ ਨੇ ਖ਼ਾਲਸੇ ਨੂੰ ਫਤਹਿ ਬਖਸ਼ੀ। ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ-ਜੰਗ ਵਿਚ ਆਏ ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਭਾਈ ਮਹਾਂ ਸਿੰਘ ਦੇ ਪਾਸ ਪਹੁੰਚੇ ਤੇ ਆਪਣੇ ਮੁਖਾਰਬਿੰਦ ਤੋਂ ਬੋਲੇ ਮੰਗ ਭਾਈ ਮਹਾਂ ਸਿੰਘ! ਜੋ ਚਾਹੁੰਦਾ ਹੈਂ?'

'ਗੁਰਦੇਵ ਪਿਤਾ! ਜੇ ਤੁੱਠੇ ਹੋ ਕਿਰਪਾ ਨਿਧਾਨ! ਤਾਂ ਸਾਡੀ ਟੁੱਟੀ ਮੇਲ ਲਵੋ....ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਵੱਡੀ ਭੁੱਲ ਕਰਕੇ ਦੇ ਆਏ ਸਾਂ.....!' ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ਼ ਟੁਕੜੇ-ਟੁਕੜੇ ਕਰ ਦਿੱਤਾ।

ਗੁਰੂ ਦੀਆਂ ਨਜ਼ਰਾਂ 'ਚ ਸੁਰਖਰੂ ਹੋ ਕੇ ਸਿੱਖ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਇਵੇਂ ਬੇਦਾਵੀਏ ਸਿੰਘ ਮੁਕਤ ਹੋਏ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

# ਬਜ਼ੁਰਗਾਂ ਦੀ ਸੰਭਾਲ ਤੇ ਸਤਿਕਾਰ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**


ਪਿਛਲੇ ਸਮੇਂ ਪੰਜਾਬੀ ਸਭਿਆਚਾਰ ਅਤੇ ਰੀਤੀ ਰਿਵਾਜ਼ਾਂ ਦੀ ਅਮੀਰੀ ਵਿਚ ਕੋਈ ਵੀ ਪਰਿਵਾਰ ਦੇ ਵੱਡੇ ਅਤੇ ਬਜ਼ੁਰਗ ਮੈਂਬਰਾਂ ਦੀ ਅਣਦੇਖੀ ਜਾਂ ਘੱਟ ਸਤਿਕਾਰ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦਾ। ਵੱਡੇ ਅਤੇ ਜੁੜੇ ਹੋਏ ਸਾਂਝੇ ਪਰਿਵਾਰ ਦਾ ਚਲਣ ਸੀ ਅਤੇ ਵੱਡੇ ਤੇ ਬਜ਼ੁਰਗ ਮੈਂਬਰਾਂ ਨੂੰ ਘਰ ਵਿਚ ਸਿਆਣਾ ਮੰਨਿਆ ਜਾਂਦਾ ਸੀ ਤੇ ਪਰਿਵਾਰ ਵਿਚ ਹਰ ਤਰ੍ਹਾਂ ਦੇ ਫੈਸਲੇ ਬਜ਼ੁਰਗਾਂ ਦੀ ਸਲਾਹ ਅਤੇ ਸੋਚ ਅਨੁਸਾਰ ਕੀਤੇ ਜਾਂਦੇ ਸਨ। ਬਜ਼ੁਰਗਾਂ ਨੂੰ ਬੋਝ ਮੰਨਣ ਦਾ ਕੋਈ ਸੋਚ ਵੀ ਨਹੀਂ ਸਕਦਾ ਸੀ। ਘਰਾਂ ਵਿਚ ਆਮ ਕਰਕੇ ਜਵਾਨੀ ਅਤੇ ਅਧਖੜੇ ਦੀ ਉਮਰ ਵਿਹਾ ਕੇ ਬੁਢਾਪੇ ਵਿਚ ਪਹੁੰਚੇ ਵਡੇਰੇ ਦੀ ਜਦੋਂ ਉਸ ਦੀ ਸਿਹਤ ਬਿਲਕੁਲ ਜਵਾਬ ਦੇ ਦਿੰਦੀ ਤਾਂ ਉਸ ਦਾ ਮੰਜਾ ਬਾਹਰਲੇ ਦਰਵਾਜ਼ੇ ਲਾਗੇ ਲਗਾ ਦਿੱਤਾ ਜਾਂਦਾ ਅਤੇ ਉਹ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਆਉਂਦੇ ਜਾਂਦੇ ਨਾਲ ਗੱਲਾਂਬਾਤਾਂ ਕਰਕੇ ਆਪਣਾ ਸਮਾਂ ਬਤੀਤ ਕਰਦਾ। ਸਮੇਂ ਸਿਰ ਉਸ ਨੂੰ ਨੂੰਹਾਂ, ਪੁੱਤ, ਪੋਤੇ, ਪੋਤੀਆਂ ਚਾਹ ਪਾਣੀ ਅਤੇ ਰੋਟੀ ਪਰੋਸਦੇ। ਪਰਿਵਾਰ ਵਿਚ ਕੋਈ ਵੀ ਸਮਾਜ ਵੱਲੋਂ ਇਹ ਤੋਹਮਤ ਲਗਾਉਣ ਤੋਂ ਡਰਦਾ ਤੇ ਘਬਰਾਉਂਦਾ ਸੀ ਕਿ ਫਲਾਣੇ ਨੇ ਆਪਣੇ ਬਜ਼ੁਰਗਾਂ ਦੀ ਸੇਵਾ ਨਹੀਂ ਕੀਤੀ। ਸਮਾਜਿਕ ਲੱਜਤਾ ਦਾ ਪੂਰਾ ਖਿਆਲ ਰੱਖਿਆ ਜਾਂਦਾ ਸੀ। ਇਸ ਜੀਵਨ ਸ਼ੈਲੀ ਬਾਰੇ ਕਿਸੇ ਨੂੰ ਇਤਰਾਜ਼ ਨਹੀਂ ਸੀ ਤੇ ਸਭ ਕੁਝ ਚੰਗਾ ਚੱਲ ਰਿਹਾ ਸੀ। ਸੰਸਾਰ ਦੇ ਪੂਜੀਵਾਦ ਦਾ ਅਸਰ ਸਾਡੇ ਦੇਸ਼ ਅਤੇ ਸਮਾਜ ਉੱਤੇ ਵੀ ਪਿਆ ਅਤੇ ਮਨੁੱਖ ਆਪਣੇ ਹਰ ਕੰਮ ਨੂੰ ਲਾਭ ਹਾਨੀ ਦੀ ਤੱਕੜੀ ਵਿਚ ਤੋਲਣ ਲੱਗ ਪਿਆ। ਪੂੰਜੀਵਾਦੀ ਅਰਥ ਵਿਵਸਥਾ ਮੁਨਾਫਾ ਅਧਾਰਿਤ ਹੁੰਦੀ ਹੈ। ਜਿਸ ਕੰਮ ਵਿਚ ਬੰਦੇ ਨੂੰ ਮੁਨਾਫਾ ਹੁੰਦਾ ਹੋਵੇ ਉਸੇ ਨੂੰ ਚੰਗਾ ਅਤੇ ਅਰਥ ਭਰਪੂਰ ਮੰਨਿਆ ਜਾਂਦਾ ਹੈ। ਇਹ ਸਾਰਾ ਵਰਤਾਰਾ ਮਨੁੱਖ ਦੇ ਅਚਾਰ-ਵਿਹਾਰ ਉੱਤੇ ਵੀ ਹਾਵੀ ਹੋ ਗਿਆ ਹੈ। ਮਨੁੱਖ ਆਪਣੇ ਰਿਸ਼ਤੇ ਨਾਤਿਆਂ ਨੂੰ ਵੀ ਇਸੇ ਕਸੌਟੀ ਤੇ ਰੱਖ ਕੇ ਪ੍ਰਮਾਣਿਤ ਕਰਨ ਲੱਗ ਪਿਆ ਹੈ।

ਕੁਦਰਤ ਦੇ ਪੱਕੇ ਨਿਯਮਾਂ ਅਧੀਨ ਮਨੁੱਖੀ ਜੀਵਨ ਦੇ ਤਿੰਨ ਮੁੱਖ ਭਾਗ ਹਨ। ਬਚਪਨ, ਜਵਾਨੀ ਤੇ ਬੁਢਾਪਾ। ਹਰ ਮਨੁੱਖ ਆਪਣੀ ਜ਼ਿੰਦਗੀ ਵਿਚ ਇਨ੍ਹਾਂ ਨੂੰ ਹੰਢਾਉਂਦਾ ਹੈ। ਮਨੁੱਖ ਬਚਪਨ ਵਿਚ ਅਣਭੁੱਲ ਤੇ ਬੇਫ਼ਿਕਰ ਜ਼ਿੰਦਗੀ, ਜਵਾਨੀ ਵਿਚ ਅਣਭੋਗ ਬੀਤੇ ਬਚਪਨ ਨੂੰ ਯਾਦ ਕਰਕੇ ਆਸ ਪਾਸ ਤੋਂ ਬੇਖ਼ਬਰ ਆਪਣੇ ਆਵੇਗ ਵਿਚ ਤੁਰਿਆ ਰਹਿੰਦਾ ਹੈ। ਤੀਜੀ ਅਵਸਥਾ ਬੁਢਾਪੇ ਦੀ ਆ ਜਾਂਦੀ ਹੈ ਭਾਵੇਂ ਕਿ ਬੁਢਾਪੇ ਦੀ ਸ਼ੁਰੂਆਤ ਲਈ ਕੋਈ ਨਿਸ਼ਚਿਤ ਉਮਰ ਨਹੀਂ ਪ੍ਰੰਤੂ ਜਦੋਂ ਮਨੁੱਖ ਦੀਆਂ ਇੰਦਰੀਆਂ, ਜਿਵੇਂ ਵੇਖਣਾ, ਸੁਨਣਾ, ਚੱਲਣਾ-ਫਿਰਨਾ ਆਦਿ ਕੁਝ ਕੁ ਢਿੱਲੀਆਂ ਪੈ ਜਾਂਦੀਆਂ ਹਨ ਤਾਂ ਕਹਿ ਸਕਦੇ ਹਾਂ ਬੁਢਾਪਾ ਸ਼ੁਰੂ ਹੋ ਗਿਆ ਹੈ।

ਬੁਢਾਪੇ ਵਿਚ ਪਹੁੰਚਣ ਤੇ ਉਹ ਬੱਚੇ ਜਿਨ੍ਹਾਂ ਨੂੰ ਮਾਂ ਬਾਪ ਨੇ ਸਖ਼ਤ ਮਿਹਨਤ ਕਰਕੇ ਪਾਲਿਆ ਹੁੰਦਾ ਹੈ, ਉਹ ਬੱਚੇ ਜਿਨ੍ਹਾਂ ਨੂੰ ਬਜ਼ੁਰਗਾਂ ਨੇ ਰੋਜ਼ਾਨਾ ਕੱਦ ਮਿਣ-ਮਿਣ ਕੇ ਵੱਡੇ ਕੀਤੇ ਹੁੰਦੇ ਹਨ ਉਹ ਹੀ ਬਜ਼ੁਰਗਾਂ ਨੂੰ ਛੋਟਾ ਸਮਝਣ ਲੱਗ ਪੈਂਦੇ ਹਨ। ਅੱਜ ਕੋਈ ਵਿਰਲਾ ਟਾਂਵਾਂ ਹੀ ਘਰ ਹੋਵੇਗਾ, ਜਿਸ ਵਿਚ ਕੋਈ ਵੱਡਾ ਬਜ਼ੁਰਗ ਬਹੁਤ ਸਤਿਕਾਰ ਪਾਉਂਦਾ ਹੋਵੇਗਾ। ਅੱਜ ਘਰਾਂ ਦੇ ਵਿਹੜੇ ਬਜ਼ੁਰਗਾਂ ਬਿਨ ਸੁੰਨੇ-ਸੁੰਨੇ ਜਾਪਦੇ ਹਨ। ਬਹੁਤੇ ਪਰਿਵਾਰ ਤਾਂ ਬਜ਼ੁਰਗਾਂ ਨੂੰ ਨਾਲ ਹੀ ਨਹੀਂ ਰੱਖਦੇ। ਜੇ ਮਜਬੂਰੀਵੱਸ ਰੱਖਦੇ ਹਨ ਤਾਂ ਉਹ ਬਣਦਾ ਸਤਿਕਾਰ ਨਹੀਂ ਦਿੰਦੇ। ਜਿਨ੍ਹਾਂ ਘਰਾਂ ਵਿਚ ਸੱਚਮੁੱਚ ਹੀ ਬਜ਼ੁਰਗਾਂ ਦਾ ਸਤਿਕਾਰ ਹੁੰਦਾ ਹੈ ਉਹ ਘਰ ਸਵਰਗ ਵਾਂਗ ਹਨ। ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਅੱਜਕਲ੍ਹ ਮਾਇਆ ਦੀ ਅੰਨੀ ਦੌੜ ਵਿਚ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਰਹਿ ਗਈ। ਹਰ ਰਿਸ਼ਤਾ ਹੁਣ ਮਤਲਬ ਦਾ ਰਹਿ ਗਿਆ ਹੈ। ਭਾਵੇਂ ਉਹ ਸਗੇ ਮਾਂ-ਪਿਉ ਨਾਲ ਹੀ ਰਿਸ਼ਤਾ ਕਿਉਂ ਨਾ ਹੋਵੇ। ਜਿਹੜੇ ਮਾਪਿਆਂ ਨੇ ਆਪਣੀ ਸਾਰੀ ਜ਼ਿੰਦਗੀ ਸੰਘਰਸ਼ ਨਾਲ ਆਪਣੀਆਂ ਖੁਸ਼ੀਆਂ ਦਾਅ ਤੇ ਲਾ ਕੇ, ਆਪਣੇ ਪੁੱਤਰਾਂ ਨੂੰ ਬੜੇ ਚਾਵਾਂ ਨਾਲ ਪਾਲਿਆ-ਪੋਸਿਆ, ਪੜ੍ਹਾਇਆ ਲਿਖਾਇਆ, ਵਿਆਹਿਆ ਤੇ ਆਪਣੇ ਪੈਰਾਂ ਤੇ ਖੜ੍ਹਾ ਕੀਤਾ, ਉਹੀ ਪੁੱਤਰ ਬੁੱਢੇ ਮਾਂ-ਪਿਉ ਨੂੰ ਵਾਧੂ ਜਿਹਾ ਬੋਝ ਸਮਝਣ ਲੱਗ ਪੈਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਕੁਝ ਕੁ ਸਾਲਾਂ ਬਾਅਦ ਉਨ੍ਹਾਂ ਨੂੰ ਵੀ ਇਹਨਾਂ ਹਾਲਾਤਾਂ ਵਿਚੋਂ ਗੁਜ਼ਰਨਾ ਪੈਣਾ ਹੈ ਕਿਉਂਕਿ ਇਨਸਾਨ ਜੋ ਬੀਜੇਗਾ ਉਹ ਹੀ ਵੱਢੇਗਾ। ਘਰ ਵਿਚ ਵਿਚਰਦੇ ਉਹਨਾਂ ਦੇ ਬੱਚੇ ਦੇਖ ਰਹੇ ਹੁੰਦੇ ਹਨ ਕਿ ਬਜ਼ੁਰਗ ਦਾਦਾ-ਦਾਦੀ ਕਿਸ ਇੱਜ਼ਤ ਨਾਲ ਘਰ ਵਿਚ ਰਹਿ ਰਹੇ ਹਨ। ਉਨ੍ਹਾਂ ਦੇ ਦਿਮਾਗ਼ ਵਿਚ ਇਹ ਗੱਲ ਘਰ ਕਰ ਕੇ ਬੈਠੇਗੀ ਕਿ ਸਾਡੇ ਮਾਤਾ-ਪਿਤਾ ਨੇ ਆਪਣੇ ਬਜ਼ੁਰਗਾਂ ਨੂੰ ਕਿਸ ਹਾਲਤ ਵਿਚ ਰੱਖਿਆ ਹੈ। ਉਹ ਸੋਚ ਲੈਂਦੇ ਹਨ ਕਿ ਵਡੇਰੇ ਹੋਣ ਤੇ ਮਾਂ-ਬਾਪ ਨੂੰ ਕਿਸ ਤਰ੍ਹਾਂ ਰੱਖਣਾ ਹੈ। ਇਹ ਘਰ ਵਿਚ ਬਜ਼ੁਰਗਾਂ ਪ੍ਰਤੀ ਹਾਂ-ਪੱਖੀ ਜਾਂ ਨਾਂਹ-ਪੱਖੀ ਦੋਵੇਂ ਤਰ੍ਹਾਂ ਦਾ ਅਸਰ ਬੱਚਿਆਂ ਤੇ ਜ਼ਰੂਰ ਪੈਂਦਾ ਹੈ ਅਤੇ ਜਲਦੀ ਹੀ ਸਾਹਮਣੇ ਆ ਜਾਂਦਾ ਹੈ, ਜਦੋਂ ਉਨ੍ਹਾਂ ਦੇ ਮਾਂ-ਬਾਪ ਦੇ ਬੁਢੇ ਹੋਣ ਦੀ ਵਾਰੀ ਆਉਂਦੀ ਹੈ।

ਸ਼ਾਇਰ ਇੰਦਰਜੀਤ ਹਸਨਪੁਰੀ ਦਾ ਇਕ ਬੜਾ ਕਮਾਲ ਦਾ ਸ਼ੇਅਰ ਹੈ –

**ਮਰਨ ਤੋਂ ਪਿਛੋਂ ਯਾਦ ਕਰੋਗੇ - ਮੈਨੂੰ ਕੀ।**<br>
**ਮੂਰਤ ਅੱਗੇ ਫੁੱਲ ਧਰੋਗੇ - ਮੈਨੂੰ ਕੀ।**<br>
**ਸਾਰੀ ਉਮਰੇ ਸੁੱਕੇ ਟੁੱਕਰ ਖਾਧੇ ਮੈਂ,**<br>
**ਲਾਸ਼ ਦੇ ਮੂੰਹ ਵਿਚ ਘਿਉ ਧਰੋਗੇ - ਮੈਨੂੰ ਕੀ।**<br>
**ਤੁਸੀਂ ਬਜ਼ੁਰਗਾਂ ਨੂੰ ਜਿਸ ਮੌਤ ਮਾਰੋਗੇ,**<br>
**ਉਸੇ ਮੌਤੇ ਆਪ ਮਰੋਗੇ- ਮੈਨੂੰ ਕੀ।**

ਪਿਛਲੇ ਕੁਝ ਸਮੇਂ ਤੱਕ ਘਰ ਦੇ ਮੁਖੀ ਬਜ਼ੁਰਗ ਕੋਲ ਸਾਰੇ ਪਰਿਵਾਰ ਦੀ ਪੱਲ-ਪੱਲ ਦੀ ਜਾਣਕਾਰੀ ਹੁੰਦੀ ਸੀ। ਉਹ ਸਾਰੇ ਪਰਿਵਾਰ ਦਾ ਸਾਂਝਾ ਦਿਮਾਗ਼ ਹੁੰਦਾ ਸੀ। ਸਵੇਰੇ ਸ਼ਾਮ ਘਰ ਵਿਚ ਬਣੀ ਤਾਜ਼ਾ ਰੋਟੀ ਸਭ ਤੋਂ

ਪਹਿਲਾਂ ਬਜ਼ੁਰਗਾਂ ਨੂੰ ਦਿੱਤੀ ਜਾਂਦੀ ਸੀ ਤੇ ਬਾਅਦ ਵਿਚ ਬਾਕੀ ਟੱਬਰ ਖਾਂਦਾ ਸੀ। ਅੱਜ ਉਹੀ ਬਜ਼ੁਰਗਾਂ ਨੂੰ ਪਰਿਵਾਰ ਦੇ ਕੰਮਾਂਕਾਜਾਂ ਦੀ ਭੋਰਾ ਜਾਣਕਾਰੀ ਨਹੀਂ ਹੁੰਦੀ। ਹਰ ਤਰ੍ਹਾਂ ਦੀ ਗੱਲ ਉਸ ਤੋਂ ਛੁਪਾ ਕੇ ਰੱਖੀ ਜਾਂਦੀ ਹੈ। ਪਰਿਵਾਰ ਨਾਲ ਸੰਬੰਧਿਤ ਕਿਸੇ ਖੁਸ਼ੀ ਗ਼ਮੀ ਦੀ ਉਸ ਨੂੰ ਭਿਣਕ ਨਹੀਂ ਪੈਣ ਦਿੱਤੀ ਜਾਂਦੀ। ਘਰ ਦੀ ਹਰ ਸਮੱਸਿਆ ਉਸ ਤੋਂ ਛੁਪਾ ਕੇ ਰੱਖੀ ਜਾਂਦੀ ਹੈ। ਭਾਵੇਂ ਕਿ ਉਸ ਦੇ ਤਜ਼ਰਬੇ ਭਰੇ ਠੰਢੇ ਦਿਮਾਗ਼ ਵਿਚ ਇਸ ਦਾ ਵਧੀਆ ਹੱਲ ਪਿਆ ਹੋਵੇ।

ਇਹ ਗੱਲ ਮੰਨਣੀ ਪਵੇਗੀ ਕਿ ਸਾਡੇ ਸਮਾਜ ਵਿਚ ਮਾਪੇ ਆਪਣੇ ਲਈ ਘੱਟ ਜਿਉਂਦੇ ਹਨ ਤੇ ਆਪਣੀ ਔਲਾਦ ਲਈ ਵੱਧ ਜਿਉਂਦੇ ਹਨ। ਉਹ ਆਪਣੇ ਜੀਵਨ ਦਾ ਵੱਡਾ ਹਿੱਸਾ ਬੱਚਿਆਂ ਨੂੰ ਹੀ ਸੈਟਲ ਕਰਨ ਵਿਚ ਲਗਾ ਦਿੰਦੇ ਹਨ। ਫਿਰ ਵੀ ਅੱਜ ਦੇ ਬਜ਼ੁਰਗ ਬਿਰਧ ਆਸ਼ਰਮ ਵਿਚ ਇਕਲਾਪੇ ਦਾ ਸੰਤਾਪ ਭੋਗ ਰਹੇ ਹਨ। ਇਹ ਵੀ ਸੱਚ ਹੈ ਕਿ ਬਹੁਤੇ ਬਜ਼ੁਰਗ ਜੋ ਘਰਾਂ ਵਿਚ ਪਰਿਵਾਰਾਂ ਦੇ ਨਾਲ ਰਹਿ ਰਹੇ ਹਨ ਉਹਨਾਂ ਵਿਚੋਂ ਬਹੁਤਿਆਂ ਦੇ ਬੱਚੇ ਉਹਨਾਂ ਨੂੰ ਭਾਰ ਹੀ ਸਮਝਦੇ ਹਨ ਜਾਂ ਘਰ ਦੇ ਤਾਲੇ ਤੋਂ ਵੱਧ ਕੋਈ ਅਹਿਮੀਅਤ ਨਹੀਂ ਦਿੰਦੇ। ਘਰ ਦੀ ਔਰਤ ਕਿਸੇ ਡੇਰੇ ਜਾਂ ਧਰਮ ਸਥਾਨ ਤੇ ਜਾ ਕੇ ਕੀਤੀ ਸੇਵਾ ਨੂੰ ਸੇਵਾ ਸਮਝਦੀ ਹੈ ਪ੍ਰੰਤੂ ਘਰ ਵਿਚ ਬੈਠੇ ਬਜ਼ੁਰਗਾਂ ਨੂੰ ਖਾਣਾ ਪਾਣੀ ਦੇਣਾ ਸਿਆਪਾ ਕਹਿੰਦੀ ਹੈ। ਜਿਸ ਘਰ ਨੂੰ ਬਜ਼ੁਰਗਾਂ ਨੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਨਾਲ ਤੀਲਾ-ਤੀਲਾ ਕਰਕੇ ਬਣਾਇਆ ਹੁੰਦਾ ਹੈ ਉਸੇ ਘਰ ਵਿਚ ਉਸ ਦੀ ਜਗ੍ਹਾ ਕਿਸੇ ਸਟੋਰ, ਗੈਰਜ ਜਾਂ ਬਰਾਂਡੇ ਵਿਚ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਆਪਣੇ ਘਰ ਪਰਿਵਾਰ ਵਾਲੇ ਹੁੰਦੇ ਹੋਏ ਵੀ ਉਹ ਇਕੱਲੇ ਕਰ ਦਿੱਤੇ ਜਾਂਦੇ ਹਨ। ਸ਼ਹਿਰਾਂ ਵਿਚ ਤਾਂ ਬਜ਼ੁਰਗਾਂ ਨੂੰ ਮਕਾਨ ਦੇ ਪਿਛਲੇ ਕਮਰੇ ਵਿਚ ਫਾਲਤੂ ਕਬਾੜ ਸਮਝ ਕੇ ਸੁੱਟ ਦਿੱਤਾ ਜਾਂਦਾ ਹੈ। ਇਸ ਛੋਟੇ ਜਿਹੇ ਕਮਰੇ ਵਿਚ ਕੋਈ ਖਿੜਕੀ ਰੋਸ਼ਨਦਾਨ ਵੀ ਨਹੀਂ ਹੁੰਦਾ। ਦਿਨ ਭਰ ਹਨ੍ਹੇਰਾ ਹੀ ਉਹਨਾਂ ਦਾ ਸਾਥੀ ਹੁੰਦਾ ਹੈ ਉਸ ਦੇ ਖੰਘਣ ਤੇ ਹੀ ਪਤਾ ਲੱਗਦਾ ਹੈ ਕਿ ਅੰਦਰ ਕੋਈ ਪਿਆ ਹੈ। ਉਹ ਜਿਉਂਦੇ ਰਹਿਣ ਲਈ ਬੱਚਿਆਂ ਸਾਹਮਣੇ ਜ਼ਬਾਨ ਖੋਲ੍ਹਣ ਤੋਂ ਵੀ ਡਰਦੇ ਹਨ। ਜੇਕਰ ਉਹ ਵਿਰੋਧ ਕਰਨ ਦੀ ਹਿੰਮਤ ਕਰਦਾ ਹੋਇਆ ਆਪਣੀ ਕੋਈ ਤਕਲੀਫ ਦਾ ਜ਼ਿਕਰ ਕਰਦੇ ਹਨ ਤਾਂ "ਬੁੱਢਾ ਭੋਕਣੋਂ ਨਹੀਂ ਹੱਟਦਾ" ਤੱਕ ਕਹਿ ਦਿੱਤਾ ਜਾਂਦਾ ਹੈ।

ਅਸਲ ਵਿਚ ਮਾਪੇ ਸਾਡੀ ਹੋਂਦ ਦੀ ਧਰਾਤਲ, ਸਾਡੇ ਸੁਪਨਿਆਂ ਦੇ ਚਸ਼ਮਦੀਦ ਗਵਾਹ, ਸਾਡੀਆਂ ਅੱਖਾਂ ਵਿਚ ਝਲਕਦੇ ਸੁਪਨਿਆਂ ਦੀ ਨਿਸ਼ਾਨਦੇਹੀ, ਸਾਡੀ ਮੰਜ਼ਲਾਂ ਤੇ ਅਪੜਣ ਦੀ ਲਾਲਸਾ, ਸਾਡੀ ਪ੍ਰਾਪਤੀ ਵਿਚਲੀ ਸੁਖ ਦੀ ਆਸੀਸ, ਸਾਡੀਆਂ ਮੁਸ਼ਕਿਲਾਂ ਤੇ ਦੁਸ਼ਵਾਰੀਆਂ ਦੀ ਨਵਿਰਤੀ ਲਈ ਅਰਦਾਸ ਕਰਨ ਵਾਲੇ ਹੁੰਦੇ ਹਨ। ਬਜ਼ੁਰਗਾਂ ਦੀ ਬੇਇੱਜ਼ਤੀ ਨਾ ਬਖਸ਼ਣਯੋਗ ਗੁਨਾਹ ਹੈ। ਉਨ੍ਹਾਂ ਦੀ ਬੇਹੁਰਮਤੀ ਵਿਚ ਸਾਡੀ ਵੰਚਤਾ ਹੀ ਜੱਗ ਜਾਹਰ ਹੁੰਦੀ ਹੈ।

ਬਜ਼ੁਰਗ ਕੋਈ ਤੁਹਾਡੀ ਬਹੁਤੀ ਦੌਲਤ ਜਾਂ ਤੁਹਾਡਾ ਸਮਾਂ ਨਹੀਂ ਮੰਗਦੇ। ਸਿਰਫ਼ ਥੋੜ੍ਹਾ ਜਿਹਾ ਧਿਆਨ ਅਤੇ ਸ਼ਮੂਲੀਅਤ ਮੰਗਦੇ ਹਨ। ਮਾਪੇ ਘਰ ਦਾ ਜਿੰਦਰਾ ਹੁੰਦੇ ਹਨ। ਤੁਸੀਂ ਉਨ੍ਹਾਂ ਨੂੰ ਪੁੱਛ ਕੇ ਕਿਤੇ ਵੀ ਬਾਹਰ ਜਾਓ ਘਰ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਹੁੰਦੀ ਹੈ। ਪਰਿਵਾਰ ਦੇ ਜ਼ਰੂਰੀ ਫੈਸਲੇ ਲੈਣ ਲੱਗਿਆਂ ਉਨ੍ਹਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕਰ ਲਵੋ। ਕੰਮ ਤੇ ਆਉਣ ਤੇ ਜਾਣ ਲੱਗਿਆਂ ਉਨ੍ਹਾਂ ਨੂੰ ਬੁਲਾ ਕੇ ਜਾਓ। ਬੱਚਿਆਂ ਨੂੰ ਵੀ ਸਕੂਲ ਜਾਣ ਅਤੇ ਵਾਪਸ ਆਉਣ ਤੇ ਦਾਦਾ ਦਾਦੀ ਨਾਲ ਕੁਝ ਬੋਲਣ ਅਤੇ ਤਜ਼ਰਬੇ ਸਾਂਝੇ ਕਰਨ ਦੀ ਮੱਤ ਦਿਉ। ਉਹ ਤੁਹਾਡੀ ਹਰ ਖੁਸ਼ੀ ਗ਼ਮੀ ਵਿਚ ਸ਼ਰੀਕ ਹੋ ਕੇ ਖੁਸ਼ ਹੋਣਗੇ ਤੇ ਤੁਹਾਡੀ ਹੌਂਸਲਾ ਅਫਜਾਈ ਵੀ ਕਰਨਗੇ। ਨਵੀਂ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਿਚ ਸਬਰ ਸੰਤੋਖ ਸਹਿਣਸ਼ੀਲਤਾ ਅਤੇ ਸਤਿਕਾਰ ਦੀ ਭਾਵਨਾ ਉਹਨਾਂ ਪ੍ਰਤੀ ਬਣਾਈ ਰੱਖਣ। ਬਜ਼ੁਰਗਾਂ ਦੀਆਂ ਆਦਤਾਂ ਬੱਚਿਆਂ ਵਾਂਗ ਹੋ ਜਾਂਦੀਆਂ ਹਨ। ਇਕ ਗੱਲ ਨੂੰ ਵਾਰ-ਵਾਰ ਦੁਹਰਾਉਣਾ, ਕਾਹਲੇ ਪੈ ਜਾਣਾ, ਸਿਹਤ ਠੀਕ ਨਾ ਹੋਣ ਕਾਰਨ ਜਲਦੀ ਖਿੱਝ ਜਾਣਾ ਜਾਂ ਫਾਲਤੂ ਹੀ ਸੋਚੀ ਜਾਣਾ ਆਦਿ। ਉਨ੍ਹਾਂ ਦੀ ਵਿਹਲ ਨੂੰ ਰੁਝੇਵਿਆਂ ਵਿਚ ਬਦਲਣ ਦਾ ਕੋਈ ਸਬੱਬ ਬਣਾਉ। ਉਹਨਾਂ ਦੀ ਰੁਚੀ ਅਨੁਸਾਰ ਅਖ਼ਬਾਰ, ਧਾਰਮਿਕ ਪੁਸਤਕਾਂ ਜਾਂ ਰਸਾਲੇ ਆਦਿ ਲਿਆ ਕੇ ਦਿੱਤੇ ਜਾਣ। ਕੁਝ ਸਮਾਂ ਬੱਚਿਆਂ ਨਾਲ ਖੇਡਣ ਮੱਲਣ ਜਾਂ ਸੈਰ ਲਈ ਬਾਹਰ ਲਿਜਾਇਆ ਜਾਵੇ। ਇਸ ਤਰ੍ਹਾਂ ਉਨ੍ਹਾਂ ਦੇ ਮੰਨ ਦਾ ਭਾਰ ਹੋਲਾ ਹੋਵੇਗਾ। ਬਾਹਰ ਦੀ ਤਾਜ਼ੀ ਅਤੇ ਖੁੱਲ੍ਹੀ ਹਵਾ ਨਾਲ ਉਨ੍ਹਾਂ ਦੀ ਸਿਹਤ ਵੀ ਠੀਕ ਰਹੇਗੀ। ਅਮਰੀਕਾ ਵਿਚ ਇਕ ਸਰਵੇਖਣ ਛੱਪਿਆ ਸੀ ਜਿਸ ਅਨੁਸਾਰ ਉਹ ਬੱਚੇ ਜੋ ਦਾਦਾ ਦਾਦੀ ਜਾਂ ਨਾਨਾ ਨਾਨੀ ਕੋਲ ਰਹਿ ਕੇ ਪਲਦੇ ਹਨ ਉਨ੍ਹਾਂ ਦਾ ਦਿਮਾਗ਼ ਕਰੈਚ ਹੋਮ ਵਿਚ ਪਲੇ ਬੱਚਿਆਂ ਨਾਲੋਂ 50% ਵੱਧ ਹੁੰਦਾ ਹੈ।

ਬਜ਼ੁਰਗਾਂ ਨੂੰ ਵੀ ਆਪਣਾ ਆਪ ਨੂੰ ਸਮੇਂ ਦੇ ਹਾਣੀ ਬਨਣਾ ਚਾਹੀਦਾ ਹੈ। ਸਿਆਣੇ ਕਹਿੰਦੇ ਹਨ ਮਾਣ ਸਤਿਕਾਰ ਮੰਗਿਆ ਨਹੀਂ ਮਿਲਦਾ, ਕਮਾਉਣਾ ਪੈਂਦਾ ਹੈ। ਇਸ ਨੂੰ ਹਾਸਲ ਕਰਨ ਲਈ ਆਪਣੀ ਸ਼ਖ਼ਸੀਅਤ ਨੂੰ ਸਤਿਕਾਰਯੋਗ ਬਨਾਉਣਾ ਪਵੇਗਾ। ਇਸ ਲਈ ਸਦਾ ਕੋਈ ਨਾ ਕੋਈ ਕੰਮ ਕਰਨਾ ਚਾਹੀਦਾ ਹੈ। ਛੋਟੇ-ਛੋਟੇ ਕੰਮ ਜਿਵੇਂ ਬੱਚਿਆਂ ਦੀ ਦੇਖ-ਰੇਖ ਵਿਚ ਹੱਥ ਵਟਾਓ, ਜੇ ਕੋਈ ਰੋਂਦਾ ਹੈ ਤਾਂ ਉਸ ਨੂੰ ਚੁੱਪ ਕਰਾਓ। ਸਕੂਲ ਜਾਣ ਵਾਲੇ ਬੱਚੇ ਨੂੰ ਤਿਆਰ ਕਰਨ ਵਿਚ ਮੱਦਦ ਕਰੋ। ਹੋਰ ਨਹੀਂ ਤਾਂ ਉਸ ਦੇ ਬੂਟ ਹੀ ਪਾਲਸ਼ ਕਰ ਦਿਓ, ਉਸ ਦੀ ਪੈਨਸ਼ਿਲ ਘੜ ਦਿਓ, ਉਸ ਦੀਆਂ ਕਾਪੀਆਂ, ਕਿਤਾਬਾਂ ਤੇ ਜਿਲਦਾਂ ਚੜ੍ਹਾ ਦਿਓ। ਨੂੰਹ ਰਾਣੀ ਨੂੰ ਘਰ ਦੇ ਨਜ਼ਦੀਕ ਦੀ ਦੁਕਾਨ ਤੋਂ ਸਬਜ਼ੀ ਜਾਂ ਹੋਰ ਜ਼ਰੂਰੀ ਵਸਤਾਂ ਖਰੀਦ ਕੇ ਲਿਆਉਣ ਵਿਚ ਮੱਦਦ ਕਰੋ। ਇਸ ਤਰ੍ਹਾਂ ਹਰ ਵੇਲੇ ਕਿਸੇ ਨਾ ਕਿਸੇ ਦੇ ਕੰਮ ਆਉਂਦੇ ਰਹੋ। ਇਸ ਤਰ੍ਹਾਂ ਤੁਸੀਂ ਘਰ ਵਿਚ ਜ਼ਰੂਰਤ ਬਣ ਜਾਵੋਗੇ ਤੇ ਕੋਈ ਤੁਹਾਨੂੰ ਵਾਧੂ ਨਹੀਂ ਸਮਝੇਗਾ। ਯਾਦ ਰੱਖੋ ਹੁਣ ਤੁਸੀਂ ਘਰ ਦੇ ਚੌਧਰੀ ਨਹੀਂ ਰਹੇ। ਤੁਹਾਡੇ ਬਿਨਾਂ ਵੀ ਘਰ ਚੱਲ ਸਕਦਾ ਹੈ। ਇਸ ਲਈ ਸਦਾ ਪਿੱਛੇ ਹਟੇ ਰਹੋ। ਘਰ ਵਿਚ ਕੋਈ ਮਹਿਮਾਨ ਆਉਂਦਾ ਹੈ ਤਾਂ ਪਹਿਲਾਂ ਵਾਂਗ ਸਭ ਤੋਂ ਪਹਿਲਾਂ ਤੁਸੀਂ ਹੀ ਉਸ ਦੇ ਸਾਹਮਣੇ ਨਾ ਜਾਓ। ਉਸੇ ਵਕਤ ਬਾਹਰ ਆਓ ਜਦੋਂ ਤੁਹਾਨੂੰ ਬੁਲਾਇਆ ਜਾਵੇ। ਕਿਸੇ ਵੀ ਮੈਂਬਰ ਦੀ ਜ਼ਿੰਦਗੀ ਵਿਚ ਬੇਲੋੜਾ ਦਖਲ ਨਾ ਦਿਓ। ਔਲਾਦ ਨੂੰ ਪੂਰੀ ਸੁਤੰਤਰਤਾ ਦਿਉ।

ਜ਼ਿੰਦਗੀ ਦਾ ਚੱਕਰ ਤਾਂ ਚੱਲਦਾ ਹੀ ਰਹੇਗਾ। ਬੱਚਾ ਜਵਾਨ ਤੇ ਜਵਾਨ ਬਜ਼ੁਰਗ ਹੁੰਦਾ ਹੀ ਰਹੇਗਾ। ਲੋੜ ਹੈ ਸੰਤੁਲਿਤ ਸੋਚ ਬਨਾਉਣ ਦੀ। ਸਾਡੇ ਬੱਚੇ ਸਾਡਾ ਭਵਿੱਖ ਹਨ ਤਾਂ ਸਾਡੇ ਬਜ਼ੁਰਗ ਉਹ ਨੀਂਹ ਪੱਥਰ ਹਨ ਜਿਨ੍ਹਾਂ ਉੱਤੇ ਇਸ ਭਵਿੱਖ ਦੀ ਇਮਾਰਤ ਨੇ ਖੜ੍ਹੇ ਹੋਣਾ ਹੈ। ਇਵੇਂ ਹੀ ਸਾਡਾ ਭਵਿੱਖ ਸਾਡੇ ਵਰਤਮਾਨ ਦਾ ਉਹ ਗਵਾਹ ਹੁੰਦਾ ਹੈ ਜਿਸ ਨੂੰ ਅਸੀਂ ਆਪਣੇ ਆਉਣ ਵਾਲੇ ਸਮੇਂ ਵਿਚ ਝੁਲਠਾ ਨਹੀਂ ਸਕਦੇ। ਜਿਸ ਤਰ੍ਹਾਂ ਦਾ ਭਵਿੱਖ ਅਸੀਂ ਆਪਣੇ ਲਈ ਚਾਹੁੰਦੇ ਹਾਂ ਲੋੜ ਹੈ ਉਸੇ ਤਰ੍ਹਾਂ ਦਾ ਵਰਤਮਾਨ ਅਸੀਂ ਆਪਣੇ ਬਜ਼ੁਰਗਾਂ ਨੂੰ ਅੱਜ ਦੇਈਏ। ਬਜ਼ੁਰਗ ਫਾਲਤੂ ਨਹੀਂ, ਜਿਉਂਦੀਆਂ ਜਾਗਦੀਆਂ ਸਤਿਕਾਰਯੋਗ ਹਸਤੀਆਂ ਹਨ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਦੂਜੀ ਵੇਰ ਅੰਮ੍ਰਿਤਸਰ ਵਿਦਿਆ ਪੜ੍ਹਨ ਲਈ ਦਾਸ ਦਾ ਪੁੱਜਣਾ

ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਆ ਕੇ ਗਿ: ਅਮੀਰ ਸਿੰਘ ਜੀ ਦੇ ਪਾਸੋਂ ਕਥਾ ਸੁਨਣੀ ਸ਼ੁਰੂ ਕੀਤੀ। ਬੜੇ ਉਤਸ਼ਾਹ ਤੇ ਆਪ ਜੀ ਦੀ ਕ੍ਰਿਪਾ ਨਾਲ ਮਿਹਨਤ ਕੀਤੀ। ਸਾਲ ਪਿੱਛੋਂ ਭੋਗ ਪਿਆ। ਮੈਂ ਕੱਤਕ ਪੂਰਨਮਾਸ਼ੀ ਤੇ ਸ੍ਰੀ ਨਨਕਾਣਾ ਸਾਹਿਬ ਪੁੱਜ ਕੇ ਮਹਾਂਪੁਰਖਾਂ ਦੇ ਦਰਸ਼ਨ ਕੀਤੇ, ਮਨ ਨੂੰ ਖੁਸ਼ੀ ਪ੍ਰਾਪਤ ਹੋਈ। ਮਹਾਂਪੁਰਖ ਭੀ ਬੜੇ ਪ੍ਰਸੰਨ ਹੋਏ। ਇਥੇ ਹੀ ਗਿ: ਸੁੰਦਰ ਸਿੰਘ ਜੀ ਭੀ ਆਏ ਹੋਏ ਸਨ, ਉਹ ਕਹਿਣ ਲੱਗੇ-ਚੇਤ ਸਿੰਘ ਨੂੰ ਸਾਨੂੰ ਦੇ ਦਿਉ, ਇੱਕ ਸਾਲ ਇਹ ਸਾਡੇ ਪਾਸ ਲਾ ਲਵੇ। ਇੱਕ ਵੇਰ ਗੁਰੂ ਗ੍ਰੰਥ ਸਾਹਿਬ ਜੀ ਸੰਥਾ ਸਾਡੇ ਪਾਸੋਂ ਸੁਣ ਲਵੇ। ਮੈਨੂੰ ਪੁਛਿਆ-ਕੀ ਸਲਾਹ ਹੈ? ਮੈਂ ਕਿਹਾ-ਜੀ ਜਿਸ ਤਰ੍ਹਾਂ ਆਪ ਦੀ ਆਗਿਆ ਹੈ। ਕਹਿਣ ਲੱਗੇ-ਇੱਕ ਸਾਲ ਗਿਆਨੀ ਜੀ ਦੇ ਪਾਸੋਂ ਕਥਾ ਸੁਣ ਲੈ। ਮੈਂ ਕਿਹਾ-ਜੀ ਸਤ ਬਚਨ। ਹੁਣ ਕੁੱਝ ਸ਼ੌਕ ਭੀ ਹੋ ਗਿਆ ਸੀ। ਇਸ ਤਰ੍ਹਾਂ ਮੈਂ ਦੂਜੀ ਵੇਰ ਕਥਾ ਸੁਨਨ ਲਈ ਭਿੰਡਰੀ ਪੁੱਜ ਗਿਆ। ਸੰਥਾ ਦਾ ਅਰੰਭ ਹੋਇਆ। ਗਿਆਨੀ ਸੁੰਦਰ ਸਿੰਘ ਜੀ ਬੜੇ ਪ੍ਰੇਮ ਨਾਲ ਪੜ੍ਹਾਈ ਕਰਾਉਣ, ਪਿਆਰ ਭੀ ਬਹੁਤ ਕਰਦੇ ਸਨ। 1920 ਈ. ਨੂੰ ਕਥਾ ਅਰੰਭ ਕਰਕੇ, 1921 ਵਿਚ ਸਾਲ ਪਿਛੋਂ ਫਿਰ ਸ੍ਰੀ ਨਨਕਾਣੇ ਸਾਹਿਬ ਪੁੱਜੇ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਸੰਥਾ ਬਾਰੇ ਪੁੱਛਿਆ ਮੈਂ ਕਿਹਾ-ਥੋੜ੍ਹਾ ਜਿਹਾ ਪਾਠ ਰਹਿੰਦਾ ਹੈ। ਕਹਿਣ ਲੱਗੇ-ਭੋਗ ਪਾ ਕੇ ਅਸੀਂ ਕੋਟ ਪਿੰਡੀ ਦਾਸ ਹੋਵਾਂਗੇ, ਉਥੇ ਆ ਜਾਵੀਂ। ਮੈਂ ਕਿਹਾ-ਸਤ ਬਚਨ ! ਭੋਗ ਪੈ ਗਿਆ। ਸਮੁੰਦਰੀ ਤਹਿਸੀਲ ਦੇ ਨੇੜੇ ਇੱਕ ਚੱਕ ਵਿਚ, ਭੋਗ ਪੈਣ ਉਪਰੰਤ ਮੈਂ ਸ੍ਰੀ ਮਾਨ ਗਿ: ਸੁੰਦਰ ਸਿੰਘ ਜੀ ਦੇ ਪਾਸੋਂ ਆ ਗਿਆ। ਚੱਕ 441 ਵਿਚ ਸ. ਸੁਰਜਨ ਸਿੰਘ ਹੋਰਾਂ ਦੇ ਪਾਸ ਰਾਤ ਆ ਕੇ ਰਿਹਾ। ਸਵੇਰੇ ਤਾਂਦਲਿਆ ਵਾਲੀ ਸਟੇਸ਼ਨ ਤੇ ਗੱਡੀ ਚੜ੍ਹ ਕੇ ਕਿਲ੍ਹੇ ਸਤਾਰ ਸ਼ਾਹ ਸਟੇਸ਼ਨ ਤੇ ਉੱਤਰ ਪਿਆ ਅਤੇ ਕੋਟ ਪਿੰਡੀ ਦਾਸ ਤੋਂ ਪਤਾ ਲੱਗਾ ਕਿ ਆਪ ਜੀ ਪਿੰਡ ਸ਼ਾਮਕੇ ਚਲੇ ਗਏ ਹਨ। ਦਾਸ ਪਿੰਡ ਸ਼ਾਮਕੇ ਪੁੱਜਾ, ਮਹਾਂਪੁਰਖਾਂ ਦੇ ਦਰਸ਼ਨ ਕੀਤੇ, ਨਮਸ਼ਕਾਰ ਕੀਤੀ। ਆਪ ਜੀ ਬੜੇ ਪ੍ਰਸੰਨ ਹੋਏ ਤੇ ਪੁੱਛਿਆ ਕਿ ਕਥਾ ਦਾ ਭੋਗ ਪੈ ਗਿਆ ਹੈ? ਮੈਂ ਕਿਹਾ-ਜੀ ਸਤਿਗੁਰੂ ਦੀ ਕਿਰਪਾ ਨਾਲ ਭੋਗ ਪੈ ਗਿਆ ਹੈ। ਇਸ ਤਰ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮਹਾਨ ਕਿਰਪਾ ਦਾ ਸਦਕਾ ਦਾਸ ਨੂੰ ਵਿਦਿਆ ਪ੍ਰਾਪਤ ਹੋਈ।

## ਜ਼ਿਲ੍ਹਾ ਐਜੂਕੇਸ਼ਨਲ ਕਾਨਫਰੰਸ ਡਿੰਗਾ (ਜ਼ਿਲ੍ਹਾ ਗੁਜਰਾਤ)

ਜਿਸ ਤਰ੍ਹਾਂ ਕਿ ਮੈਂ ਪਹਿਲੇ ਦੱਸਿਆ ਹੈ ਕਿ ਆਪ ਜੀ ਦਾ, ਭਾਵ ਸੰਤ ਬਾਬਾ ਪ੍ਰੇਮ ਸਿੰਘ ਜੀ, ਸਿੱਖੀ ਪ੍ਰਚਾਰ, ਜਿਸ ਤਰ੍ਹਾਂ ਕਿ ਉਹ ਰਾਤ ਦਿਨ ਇੱਕ ਕਰ ਰਹੇ ਸਨ, ਆਮ ਸੰਗਤਾਂ ਨੂੰ ਪਤਾ ਲੱਗ ਗਿਆ ਸੀ ਅਤੇ ਇਸੇ ਸਿੱਖੀ ਪ੍ਰਚਾਰ ਦੇ ਪ੍ਰਭਾਵ ਕਰਕੇ ਆਪ ਜੀ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਨਿਯਤ ਕੀਤਾ।

ਜ਼ਿਲ੍ਹਾ ਗੁਜਰਾਤ ਵਿਚ ਭੀ ਸਾਰੇ ਸਿੱਖਾਂ ਵਿਚ ਇਸ ਗੱਲ ਦੀ ਚਰਚਾ ਸੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਸਿੱਖੀ ਦਾ ਬੜਾ ਪ੍ਰਚਾਰ ਕਰ ਰਹੇ ਹਨ। ਸੰਨ 1920, ਅਪ੍ਰੈਲ 2-3-4 ਨੂੰ 12ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਡਿੰਗੇ ਹੋਈ। ਇਸ ਕਾਨਫਰੰਸ ਦੇ ਪ੍ਰਧਾਨ ਸ. ਸ਼ਿਵਦੇਵ ਸਿੰਘ ਜੀ ਰਈਸ ਸਿਆਲਕੋਟ ਸਨ ਅਤੇ ਸੁਆਗਤ ਕਮੇਟੀ ਦੇ ਪ੍ਰਧਾਨ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਨਿਯਤ ਕੀਤਾ ਸੀ। ਇਸ ਕਾਨਫਰੰਸ ਨੂੰ ਦੇਖਣ ਲਈ ਦਾਸ ਭੀ ਅੰਮ੍ਰਿਤਸਰ ਤੋਂ ਪੁੱਜਾ।

ਮਹਾਂਪੁਰਖ ਮੈਨੂੰ ਵੇਖ ਕੇ ਨਰਾਜ਼ ਹੋਏ ਕਿ ਤੂੰ ਕਿਉਂ ਆਇਆ ਹੈਂ ਸੰਥਾ ਛੱਡ ਕੇ। ਜਿਹੜੀ ਸੰਥਾ ਰਹਿ ਜਾਵੇਗੀ, ਜਿਹੜੀ ਤੂੰ ਨਾ ਸੁਣੇਂਗਾ, ਉਸ ਦਾ ਤੈਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਇਸ ਦੇ ਅਰਥ ਕਿਸ ਤਰ੍ਹਾਂ ਗਿਆਨੀ ਜੀ ਨੇ ਕੀਤੇ ਹਨ। ਮੈਂ ਕਿਹਾ-ਜੀ ਮੈਂ ਦਰਸ਼ਨ ਕਰਨ ਹੀ ਆਇਆ ਹਾਂ, ਕਾਨਫਰੰਸ ਵੇਖ ਕੇ ਚਲਾ ਜਾਵਾਂਗਾ।

ਮੇਰੀ ਪੜ੍ਹਾਈ ਦਾ ਉਨ੍ਹਾਂ ਨੂੰ ਕਿਤਨਾ ਫ਼ਿਕਰ ਸੀ। ਸ. ਸ਼ਿਵਦੇਵ ਸਿੰਘ ਜੀ, ਸੰਤ ਬਾਬਾ ਪ੍ਰੇਮ ਸਿੰਘ ਜੀ, ਬਾਬਾ ਖੜਗ ਸਿੰਘ ਜੋ ਸਿੱਖਾਂ ਦੇ ਬੇਤਾਜ ਬਾਦਸ਼ਾਹ ਮੰਨੇ ਗਏ ਸਨ ਅਤੇ ਮਹਾਨ ਤਪੱਸਵੀ ਸੰਤ ਬਾਬਾ ਭਾਗ ਸਿੰਘ ਜੀ ਦਾ ਡਿੰਗੇ ਸਟੇਸ਼ਨ ਤੋਂ ਇਨ੍ਹਾਂ ਚੌਹਾਂ ਮਹਾਨ ਵਿਅਕਤੀਆਂ ਦਾ ਹਾਥੀ ਉੱਤੇ ਬੜਾ ਸ਼ਾਨਦਾਰ ਜਲੂਸ ਕੱਢਿਆ ਗਿਆ, ਜੋ ਪੰਡਾਲ ਵਿਚ ਜਾ ਕੇ ਸਮਾਪਤ ਹੋਇਆ।

ਪੰਡਾਲ ਦੀ ਕਾਰਵਾਈ ਸ. ਸ਼ਿਵਦੇਵ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਕਈ ਮਤੇ ਪਾਸ ਹੋਏ, ਜਿਸ ਵਿਚ ਇਕ ਸਭ ਤੋਂ ਮਹਾਨ ਗੁਰਮਤਾ ਗੁਰਦੁਆਰੇ ਆਜ਼ਾਦ ਕਰਾਉਣ ਲਈ ਭੀ ਪਾਸ ਕੀਤਾ ਗਿਆ, ਜਿਸਦੇ ਪਿੱਛੋਂ ਫਿਰ ਅਕਾਲੀ ਲਹਿਰ ਚੱਲੀ। ਇਸ ਤਰ੍ਹਾਂ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਦੀ ਜਾਣ-ਪਹਿਚਾਣ ਬਹੁਤ ਉੱਚੇ ਦਰਜੇ ਤੇ ਹੋ ਗਈ। ਇਸ ਤਰ੍ਹਾਂ ਆਪ ਜੀ ਨੇ ਰਾਜਸੀ ਸੱਤਾ ਵਿਚ ਕਦਮ ਰੱਖਿਆ ਅਤੇ ਆਮ ਸਿੱਖ ਸੰਗਤਾਂ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਇਕ ਮਹਾਨ ਵਿਅਕਤੀ ਹੋਣ ਦਾ ਪਤਾ ਲੱਗ ਗਿਆ।

ਇਸ ਤੋਂ ਪਹਿਲਾਂ ਆਪ ਜੀ ਦਾ ਸੰਬੰਧ ਇਕ ਧਾਰਮਿਕ ਆਗੂ ਹੋਣ ਦੇ ਨਾਤੇ ਹੀ ਸੀ। ਹੁਣ ਆਪ ਜੀ ਨੇ ਸਿਆਸਤ ਵਿਚ ਭੀ ਕਦਮ ਰਖਿਆ, ਅੱਗੇ ਜਾ ਕੇ ਸਤਿਗੁਰੂ ਜੀ ਦੀ ਕਿਰਪਾ ਨਾਲ ਧਾਰਮਿਕ ਰਹਿੰਦਿਆਂ ਹੋਇਆ ਹੀ ਆਪ ਜੀ ਨੂੰ ਸਿਆਸਤ ਵਿਚ ਸਫਲਤਾ ਪ੍ਰਾਪਤ ਹੋਈ।

# ਭਾਈ ਮੱਖਣ ਸ਼ਾਹ ਦੇ ਜਨਮ, ਜਨਮ ਸਥਾਨ ਅਤੇ ਰਿਹਾਇਸ਼ ਬਾਰੇ

**ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)**

ਭਾਈ ਮੱਖਣ ਸ਼ਾਹ ਦਾ ਜਨਮ 7 ਜੁਲਾਈ 1676, (1619, ਹਾੜ੍ਹ 23, ਬਿਕਰਮੀ) ਨੂੰ ਨਾਇਕ ਭਗਵਾਨ ਦਾਸ ਦੇ ਗ੍ਰਹਿ ਵਿਖੇ ਹੋਇਆ। ਜਿਥੋਂ ਤੱਕ ਇਨ੍ਹਾਂ ਦੇ ਜਨਮ ਸਥਾਨ ਦੀ ਗੱਲ ਹੈ ਇਸ ਬਾਰੇ ਇਤਿਹਾਸਕਾਰਾਂ ਅਤੇ ਖੋਜੀਆਂ ਦੀ ਇਕ ਰਾਇ ਨਹੀਂ ਹੈ। ਕੁਝ ਇਕ ਵਿਚਾਰ ਹੇਠ ਲਿਖੇ ਅਨੁਸਾਰ ਹਨ-

ਜੀ.ਐਸ. ਛਾਬੜਾ ਆਪਣੀ ਪੁਸਤਕ "ਐਡਵਾਂਸਡ ਹਿਸਟਰੀ ਆਫ ਦਾ ਪੰਜਾਬ" ਦੇ ਪੰਨਾ 239-40 ਅਨੁਸਾਰ, "ਭਾਈ ਮੱਖਣ ਸ਼ਾਹ ਗੁਜਰਾਤ (ਗੁਜਰਾਤ, ਕਾਠੀਆਵਾੜ) ਦੱਖਣ ਦਾ ਇਕ ਅਤਿ ਧਨੀ ਵਪਾਰੀ ਸੀ।" ਉਹ ਇਸ ਸਿੱਟੇ 'ਤੇ ਭਾਈ ਸੁੱਖਾ ਸਿੰਘ ਦੀ ਲਿਖਤ ਗੁਰਬਿਲਾਸ ਪਾਤਸ਼ਾਹ 10 ਦੇ ਆਧਾਰ 'ਤੇ ਪਹੁੰਚਿਆ ਲੱਗਦਾ ਹੈ ਜਿਸ ਦਾ ਵਰਨਣ ਪਹਿਲਾਂ ਵੀ ਕੀਤਾ ਜਾ ਚੁੱਕਾ ਹੈ।

ਗਿਆਨੀ ਗਿਆਨ ਸਿੰਘ ਭਾਈ ਮੱਖਣ ਸ਼ਾਹ ਦੇ ਜਨਮ ਬਾਰੇ ਲਿਖਦਾ ਹੈ, "ਮੱਖਣ ਸ਼ਾਹ ਜੇਹਲਮ ਜਾਂ ਗੁਜਰਾਤ ਦੇ ਟਾਂਡਾ ਪਿੰਡ ਦਾ ਬਨਜਾਰਾ ਸਿੱਖ ਸੀ। ਦਸ ਹਜ਼ਾਰ ਬੈਲ ਅਤੇ ਕਈ ਬੇੜੇ ਉਸ ਦੇ ਵਪਾਰ ਵਿਚ ਚਲਦੇ ਸੀ। ਹੁਣ ਇਸ ਦੀ ਸੰਤਾਨ ਦਾ ਚਾਰ ਪਿੰਡ ਕੁੰਨਣਪੁਰ, ਰਾਜੇਵਾਲਾ ਆਦਿਕ ਸਿਆਲਕੋਟ ਪਰਗਨੇ ਵਿਚ ਹਨ।" ਇਹ ਉਸ ਨੇ ਆਪਣੀ ਪੁਸਤਕ ਤਵਾਰੀਖ ਗੁਰੂ ਖ਼ਾਲਸਾ ਦੇ ਪੰਨਾ 665 'ਤੇ ਫੁੱਟ ਨੋਟ ਵਜੋਂ ਦਿੱਤਾ ਹੋਇਆ ਹੈ।

ਸਰੂਪ ਦਾਸ ਭਲਾ ਆਪਣੀ ਪੁਸਤਕ ਮਹਿਮਾ ਪ੍ਰਕਾਸ਼ ਵਿਚ ਭਾਈ ਮੱਖਣ ਸ਼ਾਹ ਨੂੰ ਪਿੰਡ ਟਾਂਡਾ, ਜ਼ਿਲ੍ਹਾ ਮੁਜੱਫਰਪੁਰ ਕਸ਼ਮੀਰ ਦਾ ਹੇਠ ਅਨੁਸਾਰ ਲਿਖਦਾ ਹੈ-

**"ਕਸ਼ਮੀਰ ਨਿਕਟ ਸਤਿਗੁਰ ਜਬ ਗਏ। ਸਿੱਖ ਦੇਸ ਦੇ ਆਵਤ ਭਏ।**
**ਗੁਰੂ ਦਰਸ਼ਨ ਦੇਖ ਲੇਤ ਫਲ ਪਾਵੈਂ। ਜਨਮ ਜਨਮ ਕੀ ਆਸ ਪੁਜਾਵੈਂ।**
**ਗੁਰ ਕਾ ਸਿੱਖ ਮੱਖਣ ਲੁਬਾਣਾ। ਅਤਿ ਪ੍ਰੇਮੀ ਸਤਿਗੁਰ ਮਨ ਭਾਣਾ।**
**ਗੁਰ ਮੂਰਤ ਹਿਰਦੈ ਸਦ ਰਾਖੈ। ਗੁਰਬਾਣੀ ਨਿਸ ਦਿਨ ਮੁੱਖ ਭਾਖੈ।"**

ਜਿਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਗਏ ਉਸ ਸਮੇਂ ਭਾਈ ਮੱਖਣ ਸ਼ਾਹ ਦੀ ਆਯੂ 8-9 ਸਾਲ ਦੀ ਹੋਣੀ ਚਾਹੀਦੀ ਹੈ। ਲਿਖਾਰੀ ਦਾ ਅਜਿਹਾ ਵਰਨਣ ਕਰਨਾ ਉਸ ਦੇ ਪਰਿਵਾਰ ਦੀ ਗੁਰੂ ਘਰ ਸਬੰਧੀ ਸ਼ਰਧਾ ਵੀ ਦਰਸਾਉਂਦਾ ਹੈ ਅਤੇ ਭਾਈ ਮੱਖਣ ਸ਼ਾਹ ਦੇ ਉਸ ਸਥਾਨ ਦੇ ਨੇੜੇ ਰਿਹਾਇਸ਼ ਬਾਰੇ ਵੀ।

ਗੁਰੂ ਕੀਆਂ ਸਾਖੀਆਂ ਦਾ ਸੰਪਾਦਕ ਭਾਈ ਮੱਖਣ ਸ਼ਾਹ ਨੂੰ ਟਾਂਡਾ (ਮੋਟਾ) ਜ਼ਿਲ੍ਹਾ ਮੁਜ਼ੱਫਰਪੁਰ ਦਾ ਵਸਨੀਕ ਲਿਖਦਾ ਹੈ। ਟਾਂਡਾ ਮੋਟਾ ਨਾਂ ਦਾ ਪਿੰਡ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਤਾਂ ਹੈ ਪ੍ਰੰਤੂ ਜ਼ਿਲ੍ਹਾ ਮੁਜ਼ੱਫਰਪੁਰ (ਕਸ਼ਮੀਰ) ਵਿਚ ਨਹੀਂ ਹੈ।

ਲੈਫ਼ਟੀਨੈਂਟ ਕਰਨਲ ਗੁਲਚਰਨ ਸਿੰਘ ਨੇ 'ਮੱਖਣ ਸ਼ਾਹ ਲੁਬਾਣਾ' ਨਾਮੀ ਪੁਸਤਕ ਲਿਖੀ ਹੈ ਅਤੇ ਉਹ ਆਪ ਵੀ ਇਸੇ ਪਿੰਡ (ਟਾਂਡਾ ਮੋਟਾ) ਦਾ



ਵਸਨੀਕ ਸੀ। ਉਹ ਲਿਖਦਾ ਹੈ ਕਿ ਟਾਂਡਾ ਮੋਟਾ ਵਿਚ ਭਾਈ ਮੱਖਣ ਸ਼ਾਹ ਦੇ ਜਨਮ ਜਾਂ ਰਿਹਾਇਸ਼ ਬਾਰੇ ਕੋਈ ਵੀ ਚਿੰਨ੍ਹ ਨਹੀਂ ਹੈ। ਇਹ ਪਿੰਡ ਜ਼ਿਲ੍ਹਾ ਗੁਜਰਾਤ ਦਾ ਇਕ ਬਹੁਤ ਵੱਡਾ ਪਿੰਡ ਸੀ ਜੋ ਹੈਡ ਮੁਰਾਲਾ ਤੋਂ ਚਾਰ ਪੰਜ ਮੀਲ ਅਤੇ ਗੁਜਰਾਤ ਸ਼ਹਿਰ ਤੋਂ ਪੂਰਬ ਉੱਤਰ ਦਿਸ਼ਾ ਵੱਲ 20 ਮੀਲ ਤੇ ਸੀ। ਇਸ ਦੇ ਨੇੜੇ ਪਿੰਡ ਵਧੇਰੇ ਲੁਬਾਣਾ ਬਰਾਦਰੀ ਦੇ ਸਨ। ਇਸੇ ਪਿੰਡ ਵਿਚ ਸੰਤ ਪ੍ਰੇਮ ਸਿੰਘ ਨੇ ਪੰਜਾਬ ਦਾ ਪਹਿਲਾ ਪੇਂਡੂ 'ਗੁਰੂ ਗੋਬਿੰਦ ਸਿੰਘ ਖ਼ਾਲਸਾ, ਲੁਬਾਣਾ ਹਾਈ ਸਕੂਲ" 1919-20 ਵਿਚ ਆਰੰਭ ਕੀਤਾ ਸੀ ਅਤੇ ਉਪਰੋਕਤ ਲਿਖਾਰੀ ਨੇ ਇਸ ਸਕੂਲ ਤੋਂ ਮੈਟ੍ਰਿਕ ਪਾਸ ਕਰਕੇ ਕਮਿਸ਼ਨ ਲਿਆ ਸੀ। ਲਿਖਾਰੀ ਅਨੁਸਾਰ, "ਜੇਕਰ ਮੱਖਣ ਸ਼ਾਹ ਉਥੋਂ ਦੇ ਵਸਨੀਕ ਹੁੰਦੇ ਤਾਂ ਇਸ ਪਿੰਡ ਵਿਚ ਉਨ੍ਹਾਂ ਦੀ ਕੋਈ ਸੰਤਾਨ ਰਹਿੰਦੀ ਹੋਣੀ ਚਾਹੀਦੀ ਸੀ। ਪਰ ਕਿਧਰੇ ਵੱਸਣ ਤੋਂ ਬਗੈਰ ਵੀ ਉਥੇ ਦੀ ਪੈਦਾਇਸ਼ ਹੋ ਸਕਦੀ ਹੈ। ਪਰ ਇਸ ਗੱਲ ਦੀ ਚਰਚਾ ਕਿ ਮੱਖਣ ਸ਼ਾਹ ਇਸ ਪਿੰਡ ਵਿਚ ਪੈਦਾ ਹੋਇਆ ਹੋਵੇ ਕਦੇ ਨਹੀਂ ਸੁਣੀ ਸੀ।"

ਖਜ਼ਾਨ ਸਿੰਘ ਆਪਣੀ ਪੁਸਤਕ 'ਏ ਹਿਸਟਰੀ ਆਫ਼ ਦਾ ਸਿੱਖ ਰਿਲਿਜਨ' ਦੇ ਪੰਨਾ 152 'ਤੇ ਉਨ੍ਹਾਂ ਦਾ ਟਾਂਡਾ ਦੇ ਵਸਨੀਕ ਹੋਣ ਬਾਰੇ ਲਿਖਦਾ ਹੈ। ਪ੍ਰੰਤੂ ਇਹ ਟਾਂਡਾ ਕਿੱਥੇ ਹੈ ਇਸ ਦਾ ਕੋਈ ਜ਼ਿਕਰ ਨਹੀਂ ਕਰਦਾ। ਉਸ ਅਨੁਸਾਰ, "ਇਕ ਮੱਖਣ ਸ਼ਾਹ, ਟਾਂਡਾ ਦਾ ਲੁਬਾਣਾ ਸਿੱਖ ਜਿਸ ਦੀ ਸੰਤਾਨ ਹੁਣ ਸਿਆਲਕੋਟ ਜ਼ਿਲ੍ਹੇ ਵਿਚ ਰਹਿ ਰਹੀ ਹੈ (ਹੁਣ ਪਾਕਿਸਤਾਨ) ਉਸ ਦਾ ਇਕ ਸਮਾਨ ਦਾ ਭਰਿਆ ਹੋਇਆ ਜਹਾਜ਼ ਸੀ।" ਭਾਰਤ ਵਿਚ 100 ਦੇ ਕਰੀਬ ਟਾਂਡਾ। ਟਾਂਡੀ ਨਾਂ ਦੇ ਪਿੰਡ ਹਨ। ਜਿਸ ਪਿੰਡ ਵਿਚ ਕਿਸੇ ਨਾਇਕ ਦੇ ਭਾਰ ਢੋਣ ਵਾਲੇ 4000 ਤੋਂ ਵੱਧ ਪਸ਼ੂ ਰੱਖੇ ਜਾਂਦੇ ਉਸ ਨੂੰ ਟਾਂਡਾ

ਕਹਿ ਦਿੱਤਾ ਜਾਂਦਾ ਸੀ। ਨਾਇਕ ਵੱਲੋਂ ਇਥੋਂ ਆਮ ਤੌਰ 'ਤੇ ਆਪਣੇ ਪਸ਼ੂਆਂ ਦੇ ਕਾਫ਼ਲੇ ਦਾ ਨਿਯੰਤਰਨ ਰੱਖਿਆ ਜਾਂਦਾ, ਨਵੇਂ ਪਸ਼ੂ ਪਾਲ ਕੇ ਬੁੱਢੇ ਪਸ਼ੂਆਂ ਦੀ ਥਾਂ ਕਾਫ਼ਲੇ ਵਿਚ ਮਿਲਾਏ ਜਾਂਦੇ ਅਤੇ ਨੇੜੇ ਤੇੜੇ ਤੋਂ ਸਮਾਨ ਖਰੀਦ ਕੇ ਲੋੜ ਵਾਲੀ ਥਾਂ ਤੇ ਭੇਜਿਆ ਜਾਂਦਾ ਅਤੇ ਇਸ ਇਲਾਕੇ ਦੀ ਲੋੜ ਵਾਲਾ ਸਮਾਨ ਲਿਆ ਕੇ ਵੇਚਿਆ ਜਾਂਦਾ।

ਕਰਮ ਸਿੰਘ ਜ਼ਖ਼ਮੀ ਮੱਖਣ ਸ਼ਾਹ ਲੁਬਾਣਾ ਅੰਕ ਵਿਚ ਉਨ੍ਹਾਂ ਦਾ ਜਨਮ ਟਾਂਡਾ ਨੇੜੇ ਸ੍ਰੀਨਗਰ ਲਿਖਦਾ ਹੈ। ਸਿੱਖ ਇਤਿਹਾਸ ਦਾ ਮਹਾਨ ਕੋਸ਼ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਕਿਹਾ ਜਾ ਸਕਦਾ ਹੈ। ਇਸ ਦਾ ਲਿਖਾਰੀ ਭਾਈ ਸੰਤੋਖ ਸਿੰਘ ਭਾਈ ਮੱਖਣ ਸ਼ਾਹ ਦੇ ਜਨਮ ਸਥਾਨ ਬਾਰੇ ਕੁਝ ਨਹੀਂ ਲਿਖਦਾ ਅਤੇ ਨਾ ਹੀ ਉਸ ਦੀ ਰਿਹਾਇਸ਼ ਬਾਰੇ। ਉਸ ਅਨੁਸਾਰ ਉਸ ਦੇ ਜਹਾਜ਼ ਕਿਤੇ ਪੂਰਬੀ ਭਾਰਤ ਦੇ ਸਮੁੰਦਰ ਦੇ ਕੰਢੇ 'ਤੇ ਲੱਗਾ। ਇਸ ਨਾਲ ਉਸ ਦੇ ਜਨਮ ਅਤੇ ਰਿਹਾਇਸ਼ ਦਾ ਪਤਾ ਨਹੀਂ ਚੱਲਦਾ ਹੈ। ਇਸੇ ਤਰ੍ਹਾਂ ਹੀ ਲਿਖਾਰੀ ਬੀ.ਐਸ. ਗੁਪਤਾ ਆਪਣੀ ਪੁਸਤਕ "ਗੁਰੂ ਤੇਗ ਬਹਾਦਰ ਏ ਸਟੱਡੀ" ਵਿਚ ਰਿਹਾਇਸ਼ ਸਥਾਨ ਅਤੇ ਜਨਮ ਸਥਾਨ ਬਾਰੇ ਚੁੱਪ ਹੈ। ਇਹ ਹੀ ਪੱਖ ਰਾਜਿੰਦਰ ਸਿੰਘ ਨੇ 'ਗੁਰੂ ਤੇਗ ਬਹਾਦਰ, ਵਾਰਤਾ' ਵਿਚ ਅਪਣਾਇਆ ਹੈ।

ਡਾਕਟਰ ਭਜਨ ਸਿੰਘ ਪੁਸਤਕਾ ਤੇਗ ਬਹਾਦਰ ਪੰਨਾ 32 ਜੋ ਨੈਸ਼ਨਲ ਬੁਕ ਟਰੱਸਟ ਨੇ ਛਾਪੀ ਹੈ ਲਿਖਦਾ ਹੈ, "ਇਸ ਸਮੇਂ ਭਾਈ ਮੱਖਣ ਸ਼ਾਹ ਲੁਬਾਣਾ ਵੀ ਨੌਵੀਂ ਨਾਨਕ ਜੋਤ ਦੇ ਦਰਸ਼ਨ ਕਰਨ ਲਈ ਬਕਾਲੇ ਆਇਆ। ਉਹ ਆਪਣੇ ਸਮੇਂ ਦਾ ਇਕ ਪ੍ਰਸਿੱਧ ਵਪਾਰੀ ਅਤੇ ਗੁਰੂ ਘਰ ਦਾ ਸੇਵਕ ਸੀ।

ਗੁਰੂ ਘਰ ਨੇ ਉਸ ਨੂੰ ਗੁਜਰਾਤ ਕਾਠੀਆਵਾੜ ਦੇ ਪ੍ਰਚਾਰ ਅਤੇ ਹੋਰ ਕਾਰਜਾਂ ਲਈ ਵੀ ਨੀਯਤ ਕੀਤਾ ਹੋਇਆ ਸੀ।"

ਆਰਥਰ ਮੈਕਾਲਿਫ਼ ਵੀ ਇਹ ਹੀ ਲਿਖਦਾ ਹੈ। ਇਨ੍ਹਾਂ ਸਭ ਲਿਖਤਾਂ ਤੋਂ ਇਹ ਯਕੀਨ ਨਾਲ ਕਹਿਣਾ ਕਠਿਨ ਹੈ ਕਿ ਭਾਈ ਮੱਖਣ ਸ਼ਾਹ ਗੁਜਰਾਤ ਕਾਠੀਆਵਾੜ ਜਾਂ ਗੁਜਰਾਤ ਜ਼ਿਲ੍ਹੇ ਜਾਂ ਵਿਜੈ ਨਗਰ ਦਾ ਰਹਿਣ ਵਾਲਾ ਸੀ। ਵਧੇਰੇ ਇਹ ਹੀ ਕਿਆਸ ਕੀਤਾ ਜਾਂਦਾ ਹੈ ਕਿ ਉਹ ਗੁਜਰਾਤ ਕਾਠੀਆਵਾੜ ਜਾਂ ਟਾਂਡਾ ਪਿੰਡ ਦਾ ਰਹਿਣ ਵਾਲਾ ਸੀ। ਪ੍ਰੰਤੂ ਟਾਂਡਾ ਕਿੱਥੇ ਸੀ? ਭਾਰਤ ਵਿਚ ਲਗਪੱਗ 100 ਪਿੰਡਾਂ ਦਾ ਨਾਂ ਟਾਂਡਾ ਹੈ ਜੋ ਲੁਬਾਣਾ ਨਾਇਕਾਂ ਨਾਲ ਸਬੰਧਿਤ ਹਨ। ਕੁਝ ਟਾਂਡਾ ਪਿੰਡਾਂ ਦੇ ਵੇਰਵੇ ਹੇਠ ਦਿੱਤੇ ਗਏ ਹਨ–

1. ਟਾਂਡਾ ਮੋਟਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ)।
2. ਟਾਂਡਾ ਲੁਬਾਣਾ, ਜ਼ਿਲ੍ਹਾ ਮੁਜ਼ੱਫ਼ਰਾਪੁਰ, ਕਸ਼ਮੀਰ।
3. ਟਾਂਡਾ ਉੜਮੁੜ, ਜ਼ਿਲ੍ਹਾ ਹੁਸ਼ਿਆਰਪੁਰ।
4. ਟਾਂਡਾ ਮਾੜੀ, ਪੰਜਾਬ।
5. ਮਨਸੂਰਾ ਟਾਂਡਾ, ਰਾਜਸਥਾਨ।
6. ਬਸਤੀ ਟਾਂਡਾ, ਮੱਧ ਪ੍ਰਦੇਸ਼।
7. ਨਗਰ ਖੇਡ ਟਾਂਡਾ, ਮੱਧ ਪ੍ਰਦੇਸ਼।
8. ਟਾਂਡਾ ਸ਼ੰਕਰਪੁਰ, ਮੱਧ ਪ੍ਰਦੇਸ਼।
9. ਯੋਗ ਟਾਂਡਾ, ਆਂਧਰਾ ਪ੍ਰਦੇਸ਼।
10. ਅੰਜਨਾਪੁਰਮ ਟਾਂਡਾ, ਆਂਧਰਾ ਪ੍ਰਦੇਸ਼।
11. ਚਕਵੀ ਟਾਂਡਾ, ਮਹਾਂਰਾਸ਼ਟਰ।

ਹਰ ਟਾਂਡੇ ਦਾ ਮੁਖੀ ਲੁਬਾਣਾ ਨਾਇਕ ਹੁੰਦਾ। ਨਾਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਬਹੁਤ ਥਾਵਾਂ 'ਤੇ ਵਰਤਿਆ ਗਿਆ ਹੈ, ਕਿਧਰੇ ਇਹ ਪ੍ਰਮਾਤਮਾ ਲਈ, ਕਿਧਰੇ ਵਪਾਰੀਆਂ ਦੇ ਸਰਦਾਰ ਲਈ ਅਤੇ ਕਿਧਰੇ ਭਗਤ ਆਦਿ ਲਈ ਜਿਵੇਂ –

1. "ਤੁਮ ਹੀ ਨਾਇਕ ਤੁਮਹਿ ਛਤ੍ਰ ਪਤਿ ਤੁਮ ਪੂਰ ਰਹੇ ਭਗਵਾਨਾ॥"
2. "ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ ਸੁਖ ਸਮੂਹ ਸਭ ਸਾਥੇ॥"
3. "ਰਾਮ ਨਾਮ ਵਖਰ ਹੈ ਊਤਮ ਹਰਿ ਨਾਇਕ ਪੁਰਖ ਹਮਾਰਾ॥"
4. "ਸਰਬ ਧਾਰ ਸਰਬ ਕੇ ਨਾਇਕ ਸੁਖ ਸਮੂਹ ਕੇ ਦਾਂਤੇ॥"
5. "ਸਰਬ ਸੂਖ ਕੇ ਨਾਇਕੋ ਰਾਮ ਨਾਮ ਰਸ ਪੀਓ॥"
6. "ਤੁਮ ਜੋ ਨਾਇਕ ਆਛਹੁ ਅੰਤਰ ਜਾਮੀ॥"
7. "ਐਸਾ ਨਾਇਕ ਰਾਮੁ ਹਮਾਰਾ॥ ਸਗਲ ਸੰਸਾਰ ਕੀਓ ਬਨਜਾਰਾ॥"
8. "ਸਗਲ ਭਵਨ ਕੇ ਨਾਇਕਾ ਇਕ ਛਿਨੁ ਦਰਸ ਦਿਖਾਏ ਜੀ॥"
9. "ਤੁਮ ਦਾਤੇ ਠਾਕਰ ਪ੍ਰਿਤਪਾਲਿਕ ਨਾਇਕ ਖਸਮ ਹਮਾਰੇ॥"
10. "ਘਰ ਕੀ ਨਾਇਕਿ ਘਰੁ ਵਾਸ ਨ ਦੇਵੈ॥"
11. "ਘਰਿ ਮੇਰਾ ਇਹ ਨਾਇਕਿ ਹਮਾਰੀ॥"
12. "ਕੋਟਿ ਤੇਤੀਸ ਜਾਚਿਕ ਪ੍ਰਭ ਨਾਇਕ ਦੇਂਦੇ ਤੋਟ ਨਹੀਂ ਭੰਡਾਰ॥"
13. "ਯਹ ਮਨ ਨੈਕ ਨ ਕਹਿਓ ਕਰੈ॥"
14. "ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤ ਦੇਵਾ॥"
15. "ਪੰਚ ਭੂ ਨਾਇਕੋ ਆਪ ਸਿਰੰਦਾ ਜਿਨਿ ਸਚ ਕਾ ਪਿੰਡ ਸਵਾਰਿਆ॥"

*****


## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ–ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**

**E-mail:bslubana187@gmail.com**

**M.: 98155-40240**

# ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਸ. ਗੁਰਚਰਨ ਸਿੰਘ,
ਸੀਨੀਅਰ ਵਾਇਸ ਪ੍ਰਧਾਨ

**ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,**

**।। ਵਾਹਿਗੁਰੂ ਜੀ ਕਾ ਖਾਲਸਾ।।**
**।। ਵਾਹਿਗੁਰੂ ਜੀ ਕੀ ਫਤਹਿ।।**
**ਸੋਰਠਿ ਮਹਿਲਾ ੫ ।।**
**ਆਗੈ ਸੁਖੁ ਮੇਰੇ ਮੀਤਾ।। ਪਾਛੇ ਆਨੰਦ ਪ੍ਰਭਿ ਕੀਤਾ।**
**ਪਰਮੇਸੁਰਿ ਬਣਤ ਬਣਾਈ ।। ਫਿਰਿ ਡੋਲਤ ਕਤਹੂ ਨਾਹੀ।।੧।।**
**ਸਾਚੇ ਸਾਹਿਬ ਸਿਉ ਮਨੁ ਮਾਨਿਆ।। ਹਰਿ ਸਰਬ ਨਿਰੰਤਰਿ ਜਾਨਿਆ।।੧।। ਰਹਾਉ ।।**
**ਸਭ ਜੀਅ ਤੇਰੇ ਦਇਆਲਾ।। ਅਪਨੇ ਭਗਤ ਕਰਹਿ ਪ੍ਰਤਿਪਾਲਾ।।**
**ਅਚਰਜੁ ਤੇਰੀ ਵਡਿਆਈ।। ਨਿਤ ਨਾਨਕ ਨਾਮੁ ਧਿਆਈ।।੨।।੨੩।।੮੭।।**

1. **ਨਵੇਂ ਸਾਲ-2023 ਦੀਆਂ ਲੱਖ-ਲੱਖ ਵਧਾਈਆਂ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ ਦੇ ਪ੍ਰਧਾਨ ਜੀ ਇੰਜ: ਹਰਭਜਨ ਸਿੰਘ, ਡਿਪਟੀ ਚੀਫ਼ ਇੰਜ: (ਰਿਟਾ.) ਵੱਲੋਂ ਸਮੂਹ ਮੈਨੇਜਮੈਂਟ ਫ਼ਾਊਂਡੇਸ਼ਨ ਦੇ ਸਾਰੇ ਸਨਮਾਨਿਤ ਮੈਂਬਰਾਂ, ਅਹੁਦੇਦਾਰਾਂ ਨੂੰ ਨਵੇਂ ਸਾਲ 2023 ਦੇ ਆਗਮਨ ਤੇ ਲੱਖ-ਲੱਖ ਵਧਾਈ ਦਿੰਦੇ ਹੋਏ ਸਾਰਿਆਂ ਨੂੰ ਸਹਿ ਪਰਿਵਾਰ ਆਉਂਦੇ ਸਮੇਂ ਵਿਚ ਵਾਹਿਗੁਰੂ ਖੁਸ਼ੀਆਂ, ਤਰੱਕੀਆਂ, ਖੁਸ਼ਹਾਲੀ ਅਤੇ ਨਵੀਆਂ ਉਚਾਈਆਂ ਵਾਲੀਆਂ ਸਫ਼ਲਤਾਵਾਂ ਬਖ਼ਸ਼ੇ।

2. ਨਵੇਂ ਸਾਲ 2023 ਦੇ ਸਮੇਂ ਫ਼ਾਊਂਡੇਸ਼ਨ ਵਲੋਂ ਚੰਡੀਗੜ੍ਹ ਭਵਨ ਵਿਖੇ ਗੁਰੂ ਘਰ ਵਿਚ ਸਵੇਰੇ ਮਿਤੀ 1.1.2023 ਨੂੰ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸ੍ਰ: ਗੁਰਚਰਨ ਸਿੰਘ ਸੀ. ਮੀਤ ਪ੍ਰਧਾਨ ਜੀ ਵਲੋਂ ਕਰਵਾਉਣ ਉਪਰੰਤ ਸਰਵ ਸੰਗਤੀ ਅਰਦਾਸ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕੀਤੀ ਜਿਸ ਵਿਚ ਸਾਰੇ ਫ਼ਾਊਂਡੇਸ਼ਨ ਦੇ ਮੈਂਬਰਾਂ ਦੀ ਚੰਗੀ ਸਿਹਤ, ਤਰੱਕੀਆਂ ਅਤੇ ਜੀਵਨ ਵਿਚ ਕਾਮਯਾਬੀ ਅਤੇ ਸਰੱਬਤ ਦਾ ਭਲਾ ਮੰਗਦੇ ਹੋਏ ਆਉਂਦੇ ਨਵੇਂ ਸਾਲ ਵਿਚ ਸਭ ਉੱਪਰ ਪ੍ਰਮਾਤਮਾ ਮਿਹਰ ਭਰੀ ਬਖ਼ਸ਼ੀਸ਼ਾਂ ਕਰਦੇ ਰਹਿਣ।

3. ਵਿੱਤ ਸਕੱਤਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਵੱਲੋਂ ਅਕਤੂਬਰ ਅਤੇ ਨਵੰਬਰ ਮਹੀਨੇ-2022 ਦੇ ਆਮਦਨ ਅਤੇ ਖਰਚ ਦਾ ਵੇਰਵਾ ਪੜ੍ਹ ਕੇ ਸੁਣਾਇਆ ਗਿਆ। ਵੇਰਵੇ ਵਿੱਚ ਆਮਦਨ ਅਤੇ ਖਰਚ ਦੇ ਵੇਰਵੇ ਦੀ ਜਾਣਕਾਰੀ ਦਿੱਤੀ ਗਈ। ਸੰਗਰਾਂਦ ਦੇ ਖਰਚੇ ਬਾਰੇ ਮਹੀਨਾ ਅਕਤੂਬਰ ਅਤੇ ਨਵੰਬਰ ਵਿੱਚ ਅੰਤਰ ਹੋਣ ਬਾਰੇ ਮੈਂਬਰਾਂ ਵੱਲੋਂ, 4737/- ਰੁਪਏ ਅਤੇ 17087/- ਰੁਪਏ ਬਾਰੇ ਪੁੱਛਿਆ ਗਿਆ, ਇਸ ਬਾਰੇ ਵਿੱਤ ਸਕੱਤਰ ਨੇ ਕਿਹਾ ਕਿ ਪੜਤਾਲ ਕਰਨ ਉਪਰੰਤ ਮੈਂਬਰਾਂ ਨੂੰ ਅਗਲੀ ਵਰਕਿੰਗ ਕਮੇਟੀ ਮੀਟਿੰਗ ਵਿੱਚ ਸੂਚਿਤ ਕਰਨਗੇ। ਕੁੱਲ ਮਹੀਨੇ ਵਾਰ ਆਮਦਨ ਅਤੇ ਖਰਚਾ ਇਸ ਤਰ੍ਹਾਂ ਹੈ।

| ਮਹੀਨਾ | ਆਮਦਨ | ਖਰਚ |
|---|---|---|
| ਅਕਤੂਬਰ-2022 | 4,83,803/- | 4,40,537/- |
| ਨਵੰਬਰ-2022 | 4,45,656/- | 2,51,922/- |

ਉਪਰੋਕਤ ਵਿੱਚ ਖਾਸ ਖਰਚੇ ਸਟਾਫ ਆਨਰੇਰੀਅਮ, ਬਿਜਲੀ ਪਾਣੀ ਦਾ ਬਿਲ, ਮੁਰੰਮਤ ਦਾ ਖਰਚਾ ਅਤੇ ਗੁਰੂ ਲਾਧੋ ਰੇ ਤੇ ਸ਼ਾਮਿਲ ਹਨ।

ਵਿੱਤ ਸਕੱਤਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਵੱਲੋਂ ਜ਼ੁਬਾਨੀ ਤੌਰ ਤੇ ਮੀਟਿੰਗ ਵਿੱਚ ਇੱਛਾ ਜ਼ਾਹਿਰ ਕੀਤੀ ਕਿ ਉਹ ਵਿੱਤ ਸਕੱਤਰ ਦੇ ਕੰਮ ਤੋਂ ਲਾਂਭੇ ਹੋਣਾ ਚਾਹੁੰਦੇ ਹਨ, ਇਸ ਲਈ ਪ੍ਰਧਾਨ ਜੀ ਕਿਸੇ ਹੋਰ ਨੂੰ ਚਾਰਜ ਦੇ ਦੇਣ। ਇਸੇ ਤਰ੍ਹਾਂ ਉਨ੍ਹਾਂ ਵੱਲੋਂ ਪ੍ਰਧਾਨ ਜੀ ਨੂੰ ਪਹਿਲਾ ਵੀ ਕਿਹਾ ਜਾ ਚੁੱਕਿਆ ਹੈ ਜਿਸ ਤੇ ਮੈਂਬਰਾਂ ਅਤੇ ਪ੍ਰਧਾਨ ਜੀ ਵੱਲੋਂ ਨਾ ਸਹਿਮਤੀ ਪ੍ਰਗਟਾਈ ਗਈ ਅਤੇ ਕਿਹਾ ਗਿਆ ਕਿ ਆਪ ਜੀ ਪਿਛਲੇ ਢਾਈ-ਤਿੰਨ ਸਾਲਾਂ ਤੋਂ ਇਹ ਕੰਮ ਕਰ ਰਹੇ ਹੋ ਅਤੇ ਕੋਈ ਠੋਸ ਕਾਰਨ ਨਾ ਹੋਣ ਕਾਰਨ ਆਪ ਜੀ ਦੀ ਇਹ ਗੱਲ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਬਹੁਤ ਸਾਰੇ ਮੈਂਬਰਾਂ ਅਤੇ ਪ੍ਰਧਾਨ ਜੀ ਵੱਲੋਂ ਉਹਨਾਂ ਨੂੰ ਆਉਂਦੇ ਸਮੇਂ ਲਈ ਸੇਵਾ ਨਿਭਾਉਣ ਲਈ ਪ੍ਰੋਤਸਾਹਨ ਵੀ ਕੀਤਾ ਗਿਆ।

4. **ਮੁੱਖ ਆਡੀਟੋਰੀਅਮ ਦੀ ਮੁਰੰਮਤ ਅਤੇ ਨਵੀਨੀਕਰਨ ਬਾਰੇ** : ਮੁੱਖ ਆਡੀਟੋਰੀਅਮ ਦੇ ਦੂਜੇ ਅਤੇ ਤੀਜੇ ਪੜਾਅ ਦੀ ਮੁਰੰਮਤ ਅਤੇ ਨਵੀਨੀਕਰਨ ਬਾਰੇ ਵਰਕਿੰਗ ਕਮੇਟੀ ਵਿੱਚ ਚਰਚਾ ਹੋਈ ਜਿਸ ਤੇ ਬਣਾਈ ਗਈ ਕਮੇਟੀ ਦੇ ਕਨਵੀਨਰ ਇੰਜ: ਪਰਮਿੰਦਰਜੀਤ ਸਿੰਘ, ਅਡੀਸ਼ਨਲ ਚੀਫ ਅਡੀਟਰ

ਅਤੇ ਚੇਅਰਮੈਨ-ਪ੍ਰਿੰਸੀਪਲ ਟਹਿਲ ਸਿੰਘ, ਸੀਨੀਅਰ ਵਾਇਸ ਪ੍ਰਧਾਨ (ਪੰਜਾਬ) ਹੁਰਾਂ ਨੇ ਇਹ ਕੰਮ ਕਰਨ ਤੋਂ ਅਸਮਰੱਥਾ ਜਾਹਿਰ ਕੀਤੀ ਕਿ ਪ੍ਰਧਾਨ ਜੀ ਇਸ ਕੰਮ ਲਈ ਨਵੇਂ ਸਿਰੀਓਂ ਕਮੇਟੀ ਬਨਾਉਣ। ਇਸ ਬਾਰੇ ਬਹੁਤ ਮੈਂਬਰਾਂ ਨੇ ਉਨ੍ਹਾਂ ਨੂੰ ਕੰਮ ਕਰਨ ਦੀ ਬੇਨਤੀ ਅਤੇ ਹੌਂਸਲਾ ਅਫਜਾਈ ਵੀ ਕੀਤੀ, ਪਰੰਤੂ ਇਹ ਮੁੱਦਾ ਵਿੱਚ ਹੀ ਲਟਕਿਆ ਰਿਹਾ। ਅਖੀਰ ਵਿੱਚ ਇਹ ਕਿਹਾ ਗਿਆ ਕਿ ਇਸ ਬਾਰੇ ਪ੍ਰਧਾਨ ਜੀ ਅਗਲਾ ਫੈਸਲਾ ਕਰ ਲੈਣ।

5. **ਐਫ.ਸੀ.ਆਰ. ਏ. ਦੀ ਰਜਿਸ਼ਟਰੇਸ਼ਨ ਬਾਰੇ** - ਐਫ.ਸੀ.ਆਰ.ਏ. ਦੀ ਰਜਿਸ਼ਟਰੇਸ਼ਨ ਦੀ ਜਾਣਕਾਰੀ ਮੈਂਬਰਾਂ ਨੂੰ ਦਿੱਤੀ ਗਈ ਕਿ ਫ਼ਾਊਡੇਸ਼ਨ ਵਲੋਂ ਕਾਰਵਾਈ ਪੂਰੀ ਕੀਤੀ ਹੋਈ ਹੈ ਅਤੇ ਇਸ ਦੀ ਪ੍ਰਵਾਨਗੀ ਦੀ ਉਡੀਕ ਕੀਤੀ ਜਾ ਰਹੀ ਹੈ।

6. **ਵਜ਼ੀਫਿਆਂ ਦੀ ਵੰਡ ਸਬੰਧੀ** - ਸਰਦਾਰ ਨਰਿੰਦਰ ਸਿੰਘ, ਕਨਵੀਨਰ ਵਜੀਫਾ ਵੰਡ ਕਮੇਟੀ ਨੂੰ ਪ੍ਰਧਾਨ ਜੀ ਵੱਲੋਂ ਆਏ ਹੋਏ ਬਿਨੈ-ਪੱਤਰਾਂ ਦੇ ਆਧਾਰ ਤੇ ਵਜ਼ੀਫਾ ਦੇਣ ਦੀ ਰਿਪੋਰਟ ਪੇਸ਼ ਕਰਦੇ ਹੋਏ ਦੱਸਿਆ ਗਿਆ ਕਿ 16 ਬਿਨੈ-ਪੱਤਰ ਵਿਚਾਰੇ ਗਏ ਜਿਨ੍ਹਾਂ ਨੂੰ ਕਿ ਵੱਖ-ਵੱਖ ਕੈਟਾਗਰੀਆਂ ਦੇ ਆਧਾਰ ਤੇ ਨਿਯਮਾਂ ਅਨੁਸਾਰ ਵਜ਼ੀਫੇ ਦੇਣ ਦੀ ਸਿਫਾਰਸ਼ ਕੀਤੀ ਗਈ ਹੈ ਜਿਸ ਦੀ ਕੁੱਲ ਰਾਸ਼ੀ 1,14,000/- ਰੁਪਏ ਬਣਦੀ ਹੈ ਜੋ ਕਿ ਬਾਬਤ ਸਾਲ 2022-23 ਬਾਰੇ ਹੈ। ਪ੍ਰਧਾਨ ਜੀ ਦੀ ਪ੍ਰਵਾਨਗੀ ਤੋਂ ਬਾਅਦ ਛੇਤੀ ਹੀ ਚੈਕਾਂ/ਆਨਲਾਈਨ ਜਾਂ ਡਰਾਫਟ ਦੁਆਰਾ ਵਜ਼ੀਫ਼ੇ ਦੇ ਦਿੱਤੇ ਜਾਣਗੇ।

7. **ਜੀਵਨ ਮੈਂਬਰ ਬਾਰੇ** - ਫਾਊਡੇਸ਼ਨ ਦੇ ਜੀਵਨ ਮੈਂਬਰ ਬਣਨ ਲਈ ਦੋ ਬਿਨੈ-ਪੱਤਰ ਨਵੇਂ ਆਏ ਸਨ ਅਤੇ ਦੋ ਬਿਨੈ-ਪੱਤਰ ਪਹਿਲੀ ਮੀਟਿੰਗ ਵਿਚ ਰਾਖਵੇਂ ਰੱਖੇ ਹੋਏ ਸਨ। ਇਸ ਵਿੱਚੋਂ ਤਿੰਨ ਬਿਨੈ-ਪੱਤਰਾਂ ਨੂੰ ਮੈਂਬਰ ਬਣਨ ਲਈ ਪ੍ਰਵਾਨਗੀ ਦਿੱਤੀ ਗਈ ਅਤੇ ਚੌਥੇ ਮੈਂਬਰ ਜੋ ਕਿ ਹਿਮਾਚਲ ਪ੍ਰਦੇਸ਼ ਤੋਂ ਹਨ ਉਨ੍ਹਾਂ ਦੀ ਸਿਫਾਰਿਸ ਨਾ ਹੋਣ ਕਾਰਨ ਰਾਖਵਾਂ ਰੱਖਿਆ ਗਿਆ ਹੈ।

8. **ਪੋਹ ਮਹੀਨੇ ਦੀ ਸੰਗਰਾਂਦ ਬਾਰੇ** - ਪੋਹ ਮਹੀਨੇ ਦੀ ਸੰਗਰਾਂਦ ਮਿਤੀ 16.12.2022 ਨੂੰ ਭਵਨ ਦੇ ਗੁਰੂ ਘਰ ਵਿਚ ਸ਼ਰਧਾ ਭਾਵਨਾ ਨਾਲ ਮਨਾਈ ਗਈ ਅਤੇ ਪਹਿਲਾਂ ਵਾਂਗ ਮਹੀਨਾਵਾਰੀ ਸਹਿਜ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ, ਅਰਦਾਸ, ਲੰਗਰ ਆਦਿ ਕਰਕੇ ਸਮਾਪਤੀ ਕੀਤੀ ਗਈ।

9. **ਭਾਈ ਮਨੀ ਸਿੰਘ ਬਲਾਕ ਦੀ ਫਾਇਰ ਫਾਈਟਿੰਗ ਦੀ ਐਨ.ਓ.ਸੀ. ਬਾਰੇ** - ਇਸ ਮੁੱਦੇ ਤੇ ਪ੍ਰਧਾਨ ਜੀ ਵੱਲੋਂ ਸੀਨੀਅਰ ਮੈਟੀਨੈਸ ਇੰਜੀਨੀਅਰ ਹਰਦੇਵ ਸਿੰਘ ਨੂੰ ਇਸ ਕੰਮ ਵਿੱਚ ਕਾਫੀ ਦੇਰੀ ਲਈ ਆਪਣੀ ਚਿੰਤਾ ਜਾਹਿਰ ਕੀਤੀ ਜਿਸ ਤੇ ਇੰਜ: ਹਰਦੇਵ ਸਿੰਘ ਨੇ ਐਨ.ਓ.ਸੀ. ਪ੍ਰਾਪਤ ਕਰਨ ਲਈ ਪ੍ਰਧਾਨ ਜੀ ਨੂੰ ਪੂਰਨ ਵਿਸ਼ਵਾਸ ਦਿਵਾਇਆ ਕਿ ਇਹ ਕੰਮ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ।

10. **ਭਾਈ ਮਨੀ ਸਿੰਘ ਬਲਾਕ ਦੀ ਬੇਸਮੈਂਟ ਦੀ ਮੁਰੰਮਤ ਅਤੇ ਚੂਹਿਆਂ ਤੋਂ ਛੁਟਕਾਰਾ ਪਾਉਣਾ** - ਇਸ ਤੇ ਵਿਸਥਾਰਿਤ ਚਰਚਾ ਉਪਰੰਤ ਸੂਬੇਦਾਰ ਜਸਪਾਲ ਸਿੰਘ ਮੈਟੀਨੈਸ ਸਕੱਤਰ ਨੂੰ ਇਹ ਕਾਰਜ ਸੌਂਪਿਆ ਗਿਆ ਜੋ ਕਿ ਪਹਿਲਾਂ ਹੀ ਮੈਟੀਨੈਸ ਦਾ ਕੰਮ ਦੇਖ ਰਹੇ ਹਨ। ਇਸ ਵਿੱਚ ਚੂਹਿਆਂ ਤੇ ਲਗਾਮ ਲਾਉਣੀ, ਪਾਰਟੀਸ਼ਨ ਨੂੰ ਮੁਕੰਮਲ ਤੌਰ ਤੇ ਉੱਚਾ ਕਰਨਾ, ਟੁੱਟੀ ਹੋਈ ਪਾਰਟੀਸ਼ਨ ਨੂੰ ਮੁਰੰਮਤ ਕਰਨਾ, ਚੂਹਿਆਂ ਦੀਆਂ ਖੁੱਡਾ ਅਤੇ ਰਸਤਿਆਂ ਨੂੰ ਗਰਾਉਟ ਕਰਕੇ ਲੋਹੇ ਦੀ ਜਾਲੀ ਲਾਉਣੀ ਜਾਂ ਲੋਹੇ ਦੀ ਚਾਦਰ ਇਤਿਆਦਿ ਲਾ ਕੇ ਮੁਕੰਮਲ ਤੌਰ 'ਤੇ ਬੰਦ ਕਰਨਾ। ਫਾਊਂਡੇਸ਼ਨ ਦਾ ਜੋ ਵੀ ਬੇਸਮੈਂਟ ਵਿਚ ਸਮਾਨ ਹੈ ਉਸ ਨੂੰ ਚੰਗੇ ਤਰੀਕੇ ਨਾਲ ਸਾਂਭ ਸੰਭਾਲ ਕਰਨੀ ਹੈ। ਇਸ ਵਾਸਤੇ ਪ੍ਰਧਾਨ ਜੀ ਵੱਲੋਂ ਜੇ ਸਟੀਲ ਦੀਆਂ ਅਲਮਾਰੀਆਂ ਵੀ ਖਰੀਦਣੀਆਂ ਪੈਂਦੀਆਂ ਹਨ ਤਾਂ ਇਜਾਜ਼ਤ ਦਿੱਤੀ ਗਈ ਤਾਂ ਜੋ ਸਾਰੇ ਜ਼ਰੂਰੀ ਰਿਕਾਰਡ ਨੂੰ ਹਿਫਾਜ਼ਤ ਨਾਲ ਦਰੁੱਸਤ ਕਰਕੇ ਰੱਖਿਆ ਜਾਵੇ।

11. **ਮੋਬਾਇਲ ਵੈਨ** - ਮੋਬਾਇਲ ਵੈਨ ਜੋ ਕਿ ਫਾਊਂਡੇਸ਼ਨ ਦੇ ਭਵਨ ਵਿਖੇ ਕੋਵਿਡ-19 ਤੋਂ ਬਾਅਦ ਫ਼ਾਊਂਡੇਸ਼ਨ ਦੇ ਚੰਡੀਗੜ੍ਹ ਭਵਨ ਵਿਖੇ ਖੜ੍ਹੀ ਹੈ ਨੂੰ ਚਾਲੂ ਕਰਨਾ, ਸੜਕ ਤੇ ਚੱਲਣ ਯੋਗ ਡਾਕੂਮੈਂਟ ਜਿਵੇਂ ਕਿ ਆਰ.ਸੀ., ਇੰਨਸੋਰੈਂਸ, ਪਲਿਊਸ਼ਨ, ਪਾਸਿੰਗ ਆਫ ਮੋਬਾਇਲ ਵੈਨ ਹੋਰ ਜੋ ਜ਼ਰੂਰੀ ਹੈ ਕਰਨਾ ਹੈ। ਇਸ ਤੋਂ ਉਪਰੰਤ ਟੈਸਟ ਕਰਨ ਵਾਸਤੇ, ਲੈਬ ਟੈਸਟ ਦਾ ਸਾਜੋ ਸਮਾਨ ਦੀ ਜਾਂਚ ਕਰਵਾਕੇ, ਇਸ ਨੂੰ ਪੂਰਨ ਰੂਪ ਅਤੇ ਮਾਪਦੰਡਾਂ ਮੁਤਾਬਿਕ ਚਾਲੂ ਹਾਲਤ ਕਰਕੇ ਯਕੀਨੀ ਬਨਾਉਣਾ ਹੈ।

ਇਸ ਕੰਮ ਲਈ ਸ੍ਰ: ਨਿਰਮਲ ਸਿੰਘ, ਮੈਂਬਰ ਸਾਹਿਬ ਦੀ ਡਿਊਟੀ, ਪ੍ਰਧਾਨ ਜੀ ਵੱਲੋਂ ਲਗਾਈ ਗਈ ਹੈ ਕਿ ਉਹ ਸ੍ਰ: ਅਮਨਦੀਪ ਸਿੰਘ, ਸਹਾਇਕ ਮੈਂਨਟੇਨਸ ਨੂੰ ਨਾਲ ਲੈ ਕੇ ਇਹ ਕੰਮ ਕਰਵਾਉਣ।

ਉਪਰੋਕਤ ਸਭ ਕੰਮ ਸਹੀ ਹੋਣ ਦੇ ਨਾਲ ਨਾਲ ਲੋੜੀਂਦੇ ਸਟਾਫ ਦੀ ਭਰਤੀ ਜਿਵੇਂ ਕਿ ਮੋਬਾਇਲ ਵੈਨ ਦੇ ਡਰਾਈਵਰ, ਲੈਬ ਟੇਕਨੀਸ਼ੀਅਨ ਅਤੇ ਹੈਲਪਰ ਦੀ ਭਰਤੀ ਫਾਊਂਡੇਸ਼ਨ ਵਲੋਂ ਭਰਨ ਲਈ ਉਪਰਾਲਾ ਕਰਨ। ਇਸ ਤੋਂ ਉਪਰੰਤ ਦਾ ਪ੍ਰਬੰਧ ਕੈਂਪ ਲਾਉਣ ਵਾਲੀਆਂ ਫਾਊਂਡੇਸ਼ਨ ਮੈਂਬਰਾਂ ਦੀਆਂ ਟੀਮਾਂ ਆਪਣੇ-ਆਪਣੇ ਖੇਤਰ ਵਿੱਚ ਜੇ ਕੈਂਪ ਲਗਾਉਣ ਦਾ ਕੰਮ ਕਰਨਗੀਆਂ ਉਹਨਾਂ ਵੱਲੋਂ ਡਾਕਟਰ ਅਤੇ ਦਵਾਈਆਂ ਦਾ ਪ੍ਰਬੰਧ ਕਰਕੇ, ਟੈਸਟ ਰਿਪੋਰਟਾਂ ਨੂੰ ਯੋਗ ਡਾਕਟਰ ਹੀ ਜਾਰੀ ਕੀਤਾ ਯਕੀਨੀ ਬਨਾਉਣਗੇ।

12. **ਭਵਨ ਦੇ ਜਮੀਨੀ ਕਿਰਾਏ ਅਤੇ ਜੀ.ਐਸ.ਟੀ. ਬਾਰੇ** - ਇਸ ਵਿਸ਼ੇ ਤੇ ਸ੍ਰ: ਗੁਰਚਰਨ ਸਿੰਘ, ਸੀਨ: ਮੀਤ ਪ੍ਰਧਾਨ ਵਲੋਂ ਇਹ ਦੱਸਿਆ ਗਿਆ ਕਿ ਐਸ.ਡੀ.ਐਮ. (ਈਸਟ) ਅਸਟੇਟ ਆਫਿਸ ਵੱਲੋਂ ਨੋਟਿਸ ਰਾਹੀਂ ਸੂਚਿਤ ਕੀਤਾ ਗਿਆ ਕਿ 1,13,691/- ਰੁਪਏ ਗਰਾਊਂਡ ਰੈਂਟ ਅਤੇ 45,445/- ਰੁਪਏ ਜੀ.ਐਸ.ਟੀ./ਐਸ.ਟੀ. ਭਵਨ ਵੱਲੋਂ ਅਸਟੇਟ ਆਫਿਸ ਨੂੰ ਦੇਣੇ ਬਣਦੇ ਹਨ, ਕਿਉਂਕਿ ਫਾਊਂਡੇਸ਼ਨ ਵੱਲੋਂ ਵਿੱਤੀ ਸਾਲ 2018-19 ਤੋਂ ਲੈ ਕੇ ਹੁਣ ਤੱਕ ਭਵਨ ਦੇ ਜ਼ਮੀਨੀ ਕਿਰਾਏ ਦੀ ਅਦਾਇਗੀ ਵੀ ਜਮ੍ਹਾਂ ਨਹੀਂ ਕਰਵਾਏ ਗਏ, ਜੋ ਕਿ ਹਰ ਸਾਲ ਜਮ੍ਹਾਂ ਹੋਣੇ ਚਾਹੀਦੇ ਸਨ। ਇਸ ਤੇ ਸਰਦਾਰ ਗੁਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ ਨੇ ਸਾਰੇ ਰਿਕਾਰਡ ਦੀ ਚੰਗੀ ਤਰ੍ਹਾਂ ਘੋਖ ਕਰਕੇ 1975 ਤੋਂ ਲੈ ਕੇ 2017-18 ਤੱਕ ਰਿਕਾਰਡ ਬਣਾਇਆ ਅਤੇ ਦੇਣਯੋਗ ਰਾਸ਼ੀ ਅਸਟੇਟ ਦਫਤਰ ਨਾਲ ਮਿਲਾ ਕਰਕੇ ਸਿਰਫ 29808/- ਰੁਪਏ ਅਤੇ ਜੀ.ਐਸ.ਟੀ./ਐਸ.ਟੀ. 35533/- ਰੁਪਏ ਪਾਏ ਗਏ, ਜੋ ਕਿ ਜਮ੍ਹਾਂ ਕਰਕੇ

ਜਵਾਬੀ ਪੱਤਰ ਰਾਹੀਂ ਕੇਸ ਐਸ.ਡੀ.ਐਮ. ਦਫਤਰ ਵਿਖੇ 7-12-2022 ਨੂੰ ਪੇਸ਼ ਹੋ ਕੇ ਅਗਲੇਰੀ ਕਰਦੇ ਹੋਏ ਪੂਰਤੀ ਲਈ ਦੇ ਦਿੱਤਾ ਗਿਆ ਹੈ।

ਇਸ ਤੇ ਇਹ ਸਾਰੇ ਮੈਂਬਰਾਂ ਨੂੰ ਦੱਸਿਆ ਜਾਂਦਾ ਹੈ ਕਿ ਹੁਣ ਜ਼ਰੂਰੀ ਅਦਾਇਗੀਆਂ - ਜਿਵੇਂ ਪ੍ਰਾਪਰਟੀ ਟੈਕਸ, ਬਿਜਲੀ-ਪਾਣੀ ਦੇ ਬਿੱਲ, ਇਨਸ਼ੋਰੈਂਸ, ਸਲਾਨਾ ਮੈਂਟੀਨੈਂਸ, ਏ.ਸੀ. ਪਲਾਂਟ, ਲਿਫਟ, ਸੋਲਰ ਪੈਨਲ ਦੀ ਰੱਖ-ਰਖਾਵ ਅਤੇ ਯੋਗਤਾ ਨੂੰ ਬਰਕਰਾਰ ਰੱਖਣਾ, ਲਗਾਤਾਰ ਸਮੇਂ ਸਿਰ ਕਰਦੇ ਰਹਿਣਾ ਹੀ ਵਾਜਿਬ ਅਤੇ ਬਿਨਾਂ ਨਾਗਾ ਜ਼ਰੂਰੀ ਹੈ, ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

13. ਇੰਜ: ਹਰਦੇਵ ਸਿੰਘ ਵੱਲੋਂ ਪੇਸ਼ ਕੀਤੀ ਤਜਵੀਜ਼ ਬਿਜਲੀ ਬੰਦ ਹੋਣ ਤੇ ਇੰਨਵਰਟਰ ਅਤੇ ਬੈਟਰੀਆਂ ਜੋ ਕਿ ਹਰ ਮੰਜਿਲ ਤੇ ਲੱਗਣੀਆਂ ਦਰਸਾਈਆਂ ਗਈਆਂ ਹਨ, ਦੀ ਪ੍ਰਵਾਨਗੀ 20,000/- ਪ੍ਰਤੀ ਸੈਂਟ ਮਤਲਬ 200006= 1,20,000/- ਰੁਪਏ ਦੀ ਪ੍ਰਵਾਨਗੀ ਵਰਕਿੰਗ ਕਮੇਟੀ ਵੱਲੋਂ ਭਾਈ ਮਨੀ ਸਿੰਘ ਅਤੇ ਭਾਈ ਲੱਖੀ ਸ਼ਾਹ ਬਲਾਕ ਲਈ ਦਿੱਤੀ ਗਈ। ਇੰਜ: ਹਰਦੇਵ ਸਿੰਘ, ਸੀਨੀਅਰ ਮੈਂਟੀਨੈਂਸ ਇੰਜੀਨੀਅਰ, ਅਗਲੇਰੀ ਕਾਰਵਾਈ ਸਮੇਂ ਸਿਰ ਕਰਨ ਦੀ ਕ੍ਰਿਪਾਲਤਾ ਕਰਨਗੇ। ਇਸ ਲਈ ਇੰਜ: ਹਰਦੇਵ ਸਿੰਘ ਜੀ ਨੇ ਸੇਵਾ ਲਈ ਮੀਟਿੰਗ ਵਿਚ ਸਹਿਮਤੀ ਪ੍ਰਗਟਾਈ।

14. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਸੰਬੰਧ ਵਿੱਚ ਸਬੰਧਿਤ ਉਦਯੋਗਿਕ ਥਾਣੇ ਵਿੱਚ ਸਰਦਾਰ ਜਗਜੀਤ ਸਿੰਘ ਭਗਤਾਨਾ ਜੀ ਪੈਰਵਾਈ ਕਰ ਰਹੇ ਹਨ ਅਤੇ ਮਾਮਲਾ ਥਾਣੇ ਵਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਜਨਰਲ ਸਕੱਤਰ ਵੱਲੋਂ ਵੀ ਪੈਰਵਾਈ ਕੀਤੀ ਜਾ ਰਹੀ ਹੈ।

15. **ਆਨਰੇਰੀਅਮ ਸਟਾਫ ਦੀਆਂ ਛੁੱਟੀਆਂ ਅਤੇ ਨਿਯੁਕਤੀ ਬਾਰੇ** - ਮੈਂਬਰਾਂ ਵੱਲੋਂ ਚਰਚਾ ਉਪਰੰਤ ਦੱਸਿਆ ਗਿਆ ਅਤੇ ਫੈਸਲਾ ਲਿਆ ਗਿਆ ਕਿ ਅਚਨਚੇਤ ਛੁੱਟੀਆਂ ਜੋ ਕਿ ਮਹੀਨੇ ਵਿਚ ਇਕ ਹੁੰਦੀ ਹੈ ਅਤੇ ਸਾਲ ਵਿਚ 12 ਬਣ ਸਕਦੀਆਂ ਹਨ ਜੇ ਨਾ ਲਈਆਂ ਹੋਣ ਤਾਂ ਅਗਲੇ ਸਾਲ ਮਤਲਬ 1.1.2023 ਵਿੱਚ ਖਤਮ ਹੋ ਜਾਂਦੀਆਂ ਹਨ ਜੋ ਕਿ ਸਰਕਾਰੀ ਨਿਯਮਾਂ ਮੁਤਾਬਿਕ ਹੈ। ਹਫਤਾਵਰੀ ਛੁੱਟੀ ਹਰ ਸਟਾਫ ਨੂੰ ਮਿਲੇਗੀ ਜਾਂ ਲੋੜ ਪੈਣ ਤੇ, ਬਦਲਵੀ ਛੁੱਟੀ ਦਿੱਤੀ ਜਾਵੇਗੀ ਜਾਂ ਫਿਰ ਬਣਦਾ ਮੁਆਵਜਾ ਦਿੱਤਾ ਜਾਵੇਗਾ। ਭਾਈ ਕਰਨੈਲ ਸਿੰਘ ਜੀ ਗ੍ਰੰਥੀ ਗੁਰੂਘਰ ਦੀ ਛੁੱਟੀਆਂ ਦੇ ਮਾਮਲੇ ਬਾਰੇ ਪਿਛਲੀਆਂ ਸਾਰੀਆਂ ਛੁੱਟੀਆਂ ਦੇਣੀਆਂ ਨਹੀਂ ਬਣਦੀਆਂ ਕਿਉਂਕਿ ਉਨ੍ਹਾਂ ਵੱਲੋਂ ਪਹਿਲਾਂ ਮੰਗ ਨਹੀਂ ਕੀਤੀ ਗਈ। ਬਾਕੀ ਆਪਣੀ ਛੁੱਟੀਆਂ ਸਮੇਂ-ਸਮੇਂ ਸਿਰ ਲੈ ਸਕਦੇ ਹਨ। ਫਿਰ ਵੀ ਗੁਰੂ ਘਰ ਦੀ ਮਰਿਆਦਾ ਨੂੰ ਵੇਖਦੇ ਹੋਏ ਜੇ ਜ਼ਰੂਰੀ ਹੋਇਆ ਤਾਂ ਪ੍ਰਧਾਨ ਜੀ ਅਗਲੇਰੀ ਕਾਰਵਾਈ ਆਪਣੇ ਵਲੋਂ ਕਰ ਸਕਦੇ ਹਨ।

ਸ਼੍ਰੀ ਸੂਰਜ ਕੁਮਾਰ ਪੁੱਤਰ ਸ਼੍ਰੀ ਰਜਿੰਦਰ ਕੁਮਾਰ ਨੂੰ ਆਨਰੇਰੀ ਸਫ਼ਾਈ ਕਰਮਚਾਰੀ ਕਮ ਗੇਟਕੀਪਰ ਦੀ ਨਿਯੁਕਤੀ ਦੀ ਪ੍ਰਵਾਨਗੀ 9000/- ਰੁਪਏ ਪ੍ਰਤੀ ਮਹੀਨਾ ਕਰਨ ਦੀ ਪ੍ਰਵਾਨਗੀ ਮਿਤੀ 1.12.2022 ਤੋਂ ਦਿੱਤੀ ਗਈ।

ਇੱਕ ਵਾਧੂ ਆਨਰੇਰੀ ਅਕਾਊਂਟੈਂਟ ਦੀ ਨਿਯੁਕਤੀ ਬਾਰੇ ਜੋ ਕਿ ਸ਼੍ਰੀ ਮਨਪ੍ਰੀਤ ਸਿੰਘ ਵਲੋਂ ਬਿਨੈਪੱਤਰ ਆਇਆ ਹੈ ਨੂੰ ਚਰਚਾ ਉਪਰੰਤ ਯੋਗ ਪਾਇਆ ਗਿਆ। ਇਸ ਨੂੰ ਨਿਯੁਕਤੀ ਦੇਣ ਬਾਰੇ ਮਿਤੀ 02.01.2023 ਤੋਂ ਪ੍ਰਵਾਨਗੀ ਦਿੱਤੀ ਗਈ ਜਿਸ ਦਾ ਆਨਰੇਰੀਅਮ 18000/- ਪ੍ਰਤੀ ਮਹੀਨਾ ਪ੍ਰਵਾਨ ਕੀਤਾ ਗਿਆ ਅਤੇ ਪ੍ਰਧਾਨ ਜੀ ਉਸਦੇ ਕੰਮ ਕਾਜ ਵੇਖਣ ਉਪਰੰਤ ਯੋਗ ਕਨਵੇਅਨਸ ਅਲਾਊਂਸ ਜਾਂ ਹੋਰ ਕੋਈ ਭੱਤਾ ਬਾਰੇ ਫ਼ੈਸਲਾ ਕਰ ਸਕਣਗੇ।

16. **ਭਾਈ ਲੱਖੀ ਸ਼ਾਹ ਬਲਾਕ ਦਾ ਨਵੀਨੀਕਰਨ ਕਰਨ ਬਾਰੇ** :- ਭਾਈ ਲੱਖੀ ਸ਼ਾਹ ਬਲਾਕ ਦੀ ਇਮਾਰਤ ਜੋ ਕਿ ਦੋ ਮੰਜ਼ਿਲਾ ਹੈ ਕਾਫ਼ੀ ਪੁਰਾਣੀ ਹੋ ਚੁੱਕੀ ਹੈ, ਨੂੰ ਬਹੁਤ ਵਾਰ ਕੰਮ ਚਲਾਉਣਾ ਲਈ ਮੁਰੰਮਤ ਅਤੇ ਰਖਰਖਾਵ ਕਰਨਾ ਪੈਂਦਾ ਹੈ, ਜੋ ਕਿ ਫਿਰ ਵੀ ਚੰਗੀ ਹਾਲਤ ਵਿੱਚ ਨਹੀਂ ਬਣਦੀ।

ਇਸ ਲਈ ਇਸ ਬਲਾਕ ਦੀਆਂ ਡਰਾਈਂਗਾਂ ਅਸਟੇਟ ਦਫਤਰ ਵੱਲੋਂ ਚਾਰ ਮੰਜ਼ਿਲਾਂ ਤੱਕ ਪ੍ਰਵਾਨਿਤ ਕੀਤੀਆਂ ਹੋਈਆਂ ਹਨ। ਉਸ ਵਿੱਚ ਜ਼ਰੂਰੀ ਅਤੇ ਲੋੜੀਦੀ ਘੋਖ ਕਰਕੇ ਆਰਕੀਟੈਕਟ ਅਤੇ ਸਟੱਕਚਰ ਇੰਜੀਨੀਅਰ ਕੋਲੋਂ ਸਲਾਹ ਲੈ ਕੇ ਅਗਲੇਰੀ ਉਸਾਰੀ ਦੀ ਕਾਰਵਾਈ ਕਰਨ ਲਈ ਪ੍ਰਧਾਨ ਜੀ ਵੱਲੋਂ ਮਤਾ ਪੇਸ਼ ਕੀਤਾ ਗਿਆ। ਬਹੁਤੇ ਮੈਂਬਰਾਂ ਨੇ ਇਸ ਤੇ ਸਹਿਮਤੀ ਜਾਹਿਰ ਕੀਤੀ। ਕੁਝ ਕੁ ਮੈਂਬਰਾਂ ਨੇ ਵਿਸਥਾਰਿਤ ਘੋਖ ਕਰਕੇ ਮੁੱਦਾ ਵਿਚਾਰਨ ਲਈ ਕਿਹਾ। ਇਸ ਬਾਰੇ ਆਉਂਦੇ ਸਮੇਂ ਵਿੱਚ ਜੋ ਵੀ ਚਰਚਾ ਉਪਰੰਤ ਫੈਸਲਾ ਲਿਆ ਜਾਵੇਗਾ ਉਸ ਲਈ ਉਕਤ ਉਸਾਰੀ ਦੀ ਕਾਰਵਾਈ ਕੀਤੀ ਜਾਵੇਗੀ। ਪਰੰਤੂ ਹਾਲ ਦੀ ਘੜੀ ਇਸ ਬਾਰੇ ਨਕਸ਼ਿਆਂ ਦੀ ਕਾਰਵਾਈ ਅਤੇ ਬਿਲਡਿੰਗ ਦੀ ਤਜਵੀਜ਼ ਬਾਰੇ ਸਲਾਹ ਮਸ਼ਵਰਾ ਕਰਨ ਲਈ ਮੀਟਿੰਗ ਵਿਚ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਆਰਕੀਟੈਕਟ ਅਤੇ ਸਟੱਕਚਰ ਇੰਜੀਨੀਅਰ ਨਾਲ ਤਾਲਮੇਲ ਕਰਕੇ ਨਕਸ਼ੇ ਅਤੇ ਡਿਟੇਲਾਂ ਲੈ ਲਈਆਂ ਜਾਣ। ਜਿਸ ਨਾਲ ਸਮੇਂ ਦੀ ਬੱਚਤ ਹੋਵੇਗੀ। ਹੋਰ ਯੋਗ ਮੈਂਬਰਾਂ ਤੋਂ ਵੀ ਸਲਾਹਾਂ ਲੈ ਲਈਆਂ ਜਾਣਗੀਆਂ।

17. ਮੈਂਬਰਾਂ ਵੱਲੋਂ ਵਿੱਦਿਆ ਪਾਸਾਰ ਵਿਸ਼ੇ ਤੇ ਪਿੰਡਾਂ ਵਿੱਚ ਬਲਾਕਾਂ ਮੁਤਾਬਕ ਅਤੇ ਏਰੀਆ ਮੁਤਾਬਕ ਸੰਗਠਨ ਬਣਾ ਕੇ ਅਗਲੇਰੀ ਕਾਰਵਾਈ ਤੇ ਜ਼ੋਰ ਦਿੱਤਾ ਗਿਆ। ਜਿਸ ਵਿੱਚ ਜਲੰਧਰ ਤੋਂ ਹੀ ਕਮੇਟੀਆਂ ਬਣਾ ਕੇ ਜ਼ਿੰਮੇਵਾਰੀ ਲਈ ਜਾਵੇਗੀ ਜਿਸ ਵਿੱਚ ਮੁੱਖ ਤੌਰ ਤੇ ਪ੍ਰਧਾਨ ਜੀ ਤੋਂ ਇਲਾਵਾ ਸ. ਭਗਵਾਨ ਸਿੰਘ ਲੁਬਾਣਾ ਡਿਪਟੀ ਚੀਫ਼ ਇੰਜ. (ਰਿਟਾ.), ਸ. ਐਸ.ਐਸ. ਰੂਬੀ, ਈ.ਟੀ.ਓ. (ਰਿਟਾ.), ਇੰਜ: ਪਰਮਿੰਦਰਜੀਤ ਸਿੰਘ, ਪ੍ਰਿੰਸੀਪਲ ਟਹਿਲ ਸਿੰਘ ਅਤੇ ਸਰਦਾਰ ਅਤਵਾਰ ਸਿੰਘ, ਡੀ.ਐਸ.ਪੀ. (ਰਿਟਾ.) ਅਤੇ ਹੋਰ ਯੋਗ ਮੈਂਬਰਾਂ ਨੂੰ ਨਾਲ ਲੈ ਕੇ ਵੱਖ-ਵੱਖ ਖੇਤਰਾਂ ਵਿੱਚ ਵਿੱਦਿਆ ਸਕਾਲਰਸ਼ਿਪ ਅਤੇ ਲੋੜਵੰਦਾਂ ਦੇ ਲਈ ਸੰਗਠਨ ਬਣਾ ਕੇ ਅਗਲੇਰੀ ਕਾਰਵਾਈ ਨੂੰ ਛੇਤੀ ਅਮਲੀ ਜਾਮਾ ਪਹਿਨਾਉਣਗੇ।

ਅਖੀਰ ਵਿੱਚ ਪ੍ਰਧਾਨ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਾਰਿਆਂ ਮੈਂਬਰਾਂ ਨੂੰ ਆਪਣਾ-ਆਪਣਾ ਕੰਮ ਪੂਰਨ ਤਨਦੇਹੀ ਨਾਲ ਕਰਨਾ ਚਾਹੀਦਾ ਹੈ। ਕੰਮ ਵਿੱਚ ਸਾਰਿਆਂ ਦੇ ਯੋਗਦਾਨ ਨਾਲ ਸੁਚੱਜਾ ਵਾਧਾ ਹੋ ਸਕਦਾ ਹੈ। ਸਿਰਫ਼ ਇਕੱਲੇ-ਇਕੱਲੇ ਕੰਮ ਕਰਨ ਨਾਲ ਬੰਦੇ ਉੱਤੇ ਵਾਧੂ ਭਾਰੂ ਪੈਂਦਾ ਹੈ ਅਤੇ ਕੰਮ ਵਿਚ ਤੇਜ਼ੀ ਨਹੀ ਆਉਂਦੀ। ਸੋ, ਪ੍ਰਧਾਨ ਜੀ ਵੱਲੋਂ ਬੇਨਤੀ ਕੀਤੀ ਗਈ ਕਿ ਵੱਧ ਚੜ੍ਹ ਕੇ ਆਪਣਾ-ਆਪਣਾ ਯੋਗਦਾਨ ਪਾਉਂਦੇ ਰਹੋ ਜੀ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ

ਪੰਜਾਬ ਇੰਜੀਨੀਆਰਿੰਗ ਕਾਲਜ, ਚੰਡੀਗੜ੍ਹ ਦੇ ਡੈਪੂਟੇਸ਼ਨ ਤੋਂ ਵਾਪਸੀ ਤੇ ਪੰਜਾਬ ਗੌਰਮਿੰਟ ਵੱਲੋਂ ਪੋਸਟਿੰਗ ਆਰਡਰ ਜਾਰੀ ਹੋਣ ਤੇ ਮੇਰੇ ਵੱਲੋਂ ਮਿਤੀ 27 ਸਤੰਬਰ, 1971 ਨੂੰ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਸੀਨੀਅਰ ਲੈਕਚਰਾਰ ਦੇ ਤੌਰ ’ਤੇ ਜੌਆਇਨਿੰਗ ਰਿਪੋਰਟ ਦੇ ਦਿੱਤੀ ਗਈ। ਇਸ ਵਾਰ ਇਸ ਕਾਲਜ ਵਿੱਚ ਗਿਣਤੀ ਦੇ ਚੰਦ ਦਿਨ ਹੀ ਸੇਵਾ ਕਰਨ ਦਾ ਮੌਕਾ ਮਿਲਿਆ। ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਨ੍ਹਾਂ ਦਿਨਾਂ ਵਿੱਚ ਹੀ ਕਪੂਰਥਲਾ ਤੋਂ ਮੇਰੇ ਮਿੱਤਰ ਸ. ਭਗਤ ਸਿੰਘ ਐਡਵੋਕੇਟ ਜੋ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਜ਼ਿਲ੍ਹਾ ਕਪੂਰਥਲਾ ਦੇ ਆਨਰੇਰੀ ਸੈਕਟਰੀ ਸਨ, ਵੱਲੋਂ ਖਬਰ ਮਿਲੀ ਕਿ ਕਾਲਜ ਦੀ ਮੈਨੇਜਿੰਗ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਸ ਸੰਸਥਾ ਨੂੰ ਪੱਕੇ ਪੈਰਾਂ ’ਤੇ ਖੜ੍ਹਾ ਕਰਨ ਲਈ ਪ੍ਰਿੰਸੀਪਲ ਦੇ ਤੌਰ ’ਤੇ ਕੁੱਝ ਸਾਲਾਂ ਲਈ ਮੇਰੀਆਂ ਸੇਵਾਵਾਂ ਪੰਜਾਬ ਸਰਕਾਰ ਤੋਂ ਡੈਪੂਟੇਸ਼ਨ ਤੇ ਲਈਆਂ ਜਾਣ। ਇਲਾਕੇ ਦੇ ਹੋਰ ਖੈਰ ਖਾਹ ਸਜਣਾਂ ਨੂੰ ਵਿੱਚ ਪਾ ਕੇ ਇਲਾਕੇ ਦੀ ਸੇਵਾ ਦੀ ਦਲੀਲ ਦੇ ਕੇ ਮੈਨੂੰ ਵੀ ਮਨਾ ਲਿਆ ਗਿਆ। ਉਸ ਵੇਲੇ ਪੰਜਾਬ ਦੇ ਸਿਖਿਆ ਮੰਤਰੀ ਸ. ਉਮਰਾਓ ਸਿੰਘ ਸਨ ਜੋ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਖੇ ਮੇਰੇ ਸਹਿਪਾਠੀ ਰਹੇ ਸਨ। ਕਾਲਜ ਤੋਂ ਇਕ ਦਿਨ ਦੀ ਛੁੱਟੀ ਲੈ ਕੇ ਮੈਂ ਅਤੇ ਸ. ਭਗਤ ਸਿੰਘ ਚੰਡੀਗੜ੍ਹ ਚਲੇ ਗਏ। ਸਿੱਖਿਆ ਮੰਤਰੀ ਜੀ ਦੇ ਘਰ ਜਾ ਕੇ ਅਰਜ਼ੀ ਤੇ ਇਕ ਸਾਲ ਦੇ ਡੈਪੂਟੇਸ਼ਨ ਦੀ ਮਨਜ਼ੂਰੀ ਲਈ ਹਸਤਾਖਰ ਕਰਵਾ ਲਏ ਬਾਅਦ ਵਿੱਚ ਇਹ ਵਧਾ ਕੇ ਤਿੰਨ ਸਾਲ ਕਰ ਦਿੱਤੀ ਗਈ। ਸਕੱਤਰੇਤ ਵਿੱਚ ਸ. ਸੁਰੈਣ ਸਿੰਘ ਨੇ ਫਿਰ ਕਮਾਲ ਕੀਤਾ ਅਤੇ ਉਸੇ ਦਿਨ ਆਰਡਰ ਜਾਰੀ ਕਰਵਾ ਕੇ ਕਾਪੀ ਸਾਨੂੰ ਦਸਤੀ ਦੇ ਦਿੱਤੀ। ਗੌਰਮਿੰਟ ਕਾਲਜ, ਲੁਧਿਆਣਾ ਤੋਂ ਫਾਰਗ ਹੋ ਕੇ 16 ਅਕਤੂਬਰ 1971 ਨੂੰ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਵਿਖੇ ਬਤੌਰ ਪ੍ਰਿੰਸੀਪਲ ਜੌਆਇਨ ਕਰ ਲਿਆ।

**ਕਾਲਜ ਸਥਾਪਨਾ** : ਇਸ ਕਾਲਜ ਦਾ ਨਿਰਮਾਨ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੀ ਪਾਵਨ ਯਾਦ ਨੂੰ ਸਮਰਪਿਤ 1969 ਵਿੱਚ ਆਰੰਭ ਹੋਇਆ ਅਤੇ ਜੁਲਾਈ 1970 ਤੋਂ ਕਲਾਸਾਂ ਲਗਣੀਆਂ ਸ਼ੁਰੂ ਹੋਈਆਂ। ਬੀ.ਏ. ਦੀ ਡਿਗਰੀ ਦੀਆਂ ਕਲਾਸਾਂ ਤੱਕ ਦੀ ਮਨਜ਼ੂਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਲੈ ਲਈ ਗਈ। ਕਪੂਰਥਲਾ ਜ਼ਿਲ੍ਹੇ ਦਾ ਨਡਾਲਾ ਬਲਾਕ, ਦਰਿਆ ਬਿਆਸ ਤੇ ਧੁੱਸੀ ਬੰਨਣ ਤੋਂ ਪਹਿਲਾਂ ਲੰਮੇ ਸਮੇਂ ਤੋਂ ਇਹ ਇਲਾਕਾ ਲਗਭਗ ਹਰ ਸਾਲ ਹੜ੍ਹਾਂ ਦਾ ਸੰਤਾਪ ਝਲਦਾ ਰਿਹਾ। ਕਾਲਜ ਦੀ ਅਨਹੋਂਦ ਕਾਰਨ ਇਸ ਇਲਾਕੇ ਦਾ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਨਹੀਂ ਹੋ ਸਕਿਆ।

ਬਦਲੇ ਹਾਲਾਤ ਵਿੱਚ ਉਚੇਰੀ ਸਿੱਖਿਆ ਲਈ ਇਲਾਕੇ ਵਿੱਚ ਕਾਲਜ ਸਥਾਪਿਤ ਕਰਨ ਪ੍ਰਤੀ ਯਤਨਸ਼ੀਲ ਹੋਣਾ ਪ੍ਰਬੰਧਕਾਂ ਦੀ ਉੱਚੀ ਸੋਚ ਦਾ ਪ੍ਰਤੀਕ ਸੀ। ਉਨ੍ਹਾਂ ਦਿਨਾਂ ਵਿੱਚ ਮੈਟਰਿਕ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧ ਜਾਣ ਕਰਕੇ ਸਾਰੇ ਕਾਲਜਾਂ ਵਾਂਗ ਜ਼ਿਲ੍ਹੇ ਦੇ ਇਕੋ ਇਕ ਰੰਧੀਰ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਵੀ ਦਾਖਲੇ ਲਈ ਸੀਟ ਮਿਲਣੀ ਬਹੁਤ ਕਠਿਨ ਹੋ ਗਈ ਸੀ। ਕੁੜੀਆਂ ਲਈ ਤਾਂ ਕਾਲਜ ਸਿੱਖਿਆ ਲਗਭਗ ਅਸੰਭਵ ਹੋ ਚੱਲੀ ਸੀ। ਪਿੰਡਾਂ ਦੇ ਵਿਦਿਆਰਥੀਆਂ ਲਈ ਸਥਿਤੀ ਜ਼ਿਆਦਾ ਚਿੰਤਾਜਨਕ ਸੀ। ਸ. ਭਗਤ ਸਿੰਘ ਐਡਵੋਕੇਟ ਇਸ ਸਬੰਧ ਵਿੱਚ ਮੇਰੇ ਨਾਲ ਅਕਸਰ ਵਿਚਾਰ-ਵਟਾਂਦਰਾ ਕਰਦੇ ਰਹਿੰਦੇ। ਇਸ ਦਾ ਇਕ ਕੇਵਲ ਹਲ ਇਲਾਕੇ ਵਿੱਚ ਨਵਾਂ ਡਿਗਰੀ ਕਾਲਜ ਖੋਲ੍ਹਣਾ ਸੀ। ਇਲਾਕੇ ਦੇ ਕੁਝ ਸਮਾਜ ਸੇਵੀ ਸੋਚ ਦੇ ਧਾਰਨੀ ਪਤਵੰਤਿਆਂ ਨੇ ਮਿਲ ਕੇ ਸੰਤ ਬਾਬਾ ਮਾਝਾ ਸਿੰਘ ਡੇਰਾ ਬਾਬਾ ਕਰਮ ਸਿੰਘ (ਹੋਤੀ ਮਰਦਾਨ) ਹਾਲ ਮਕਸੂਦਪੁਰ ਜੀ ਦੀ ਅਗਵਾਈ ਵਿੱਚ ਇਹ ਕਰ ਵਿਖਾਇਆ। ਸੰਤ ਜੀ ਕਾਲਜ ਕਮੇਟੀ ਦੇ ਜੀਵਨ ਭਰ ਲਈ ਪ੍ਰਧਾਨ ਸਨ। ਸ. ਭਗਤ ਸਿੰਘ ਐਡਵੋਕੇਟ ਆਨਰੇਰੀ ਸਕੱਤਰ ਥਾਪੇ ਗਏ। ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਕਰਨਲ ਖਜ਼ਾਨ ਸਿੰਘ, ਸ. ਸੁਖਜਿੰਦਰ ਸਿੰਘ ਡੀ.ਐਸ.ਪੀ. ਜੋ ਬਾਅਦ ਵਿੱਚ ਵਿਧਾਇਕ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਵੀ ਰਹੇ, ਸ. ਜਰਨੈਲ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਸ. ਸਰਦਾਰਾ ਸਿੰਘ ਚੇਅਰਮੈਨ ਬਲਾਕ ਸੰਮਤੀ, ਡਾ. ਮਿਹਰ ਸਿੰਘ, ਸ. ਗੁਰਦਿਆਲ ਸਿੰਘ ਮਾਨ, ਸ. ਮਿਹਰ ਸਿੰਘ ਤਹਿਸੀਲਦਾਰ ਅਤੇ ਸ. ਕਾਬਲ ਸਿੰਘ ਢੁੱਲ ਦੇ ਨਾਂ ਵਿਸ਼ੇਸ਼ ਤੌਰ ’ਤੇ ਵਰਨਣਯੋਗ ਹਨ। ਸ. ਭਗਤ ਸਿੰਘ ਨੂੰ ਇੱਕ ਲੱਖ ਰੁਪਏ ਯੂਨੀਵਰਸਿਟੀ ਨੂੰ ਦੇਣ ਯੋਗ ਫੰਡ ਇਕੱਠਾ ਕਰਨ ਲਈ ਭੁੱਖ ਹੜਤਾਲ ਕਰਨੀ ਪਈ। ਪਿੰਡ ਨਡਾਲਾ ਦੀ ਪੰਚਾਇਤ ਨੇ ਬੜਾ ਸ਼ਲਾਘਾਯੋਗ ਉੱਦਮ ਕੀਤਾ ਅਤੇ ਮਤਾ ਪਾਸ ਕਰਕੇ ਕਾਲਜ ਲਈ ਜ਼ਮੀਨ ਦੇ ਦਿੱਤੀ। ਜਿਸ ਵਿੱਚ ਇਕ ਬੰਦ ਹੋਏ ਪੋਲਟਰੀ ਫਾਰਮ ਦੀ ਜ਼ਮੀਨ ਅਤੇ ਬਿਲਡਿੰਗ ਵੀ ਸ਼ਾਮਿਲ ਸੀ। ਭਵਨ ਨਿਰਮਾਨ ਦੀ ਸੇਵਾ ਕਰਨਲ ਖਜ਼ਾਨ ਸਿੰਘ ਨੇ ਨਿਭਾਈ। ਚਾਰ ਨਵੇਂ ਵੱਡੇ-ਵੱਡੇ ਕਲਾਸ ਰੂਮ ਬਣਾ ਦਿੱਤੇ। ਪੁਰਾਣੀ ਬਿਲਡਿੰਗ ਦੀ ਮੁਰੰਮਤ ਕਰਕੇ ਲਾਇਬ੍ਰੇਰੀ ਬਣਾਈ ਅਤੇ ਸਾਰੇ ਲੋੜੀਂਦੇ ਦਫਤਰ ਅਤੇ ਦੋ ਰਿਹਾਇਸ਼ੀ ਕੁਆਰਟਰ ਥਾਉਂ ਥਾਈਂ ਥਾਪ ਦਿੱਤੇ ਗਏ।

**ਤਜ਼ਰਬਾ ਹੈ, ਮਿੱਟੀ ਦੀ ਪਕੜ ਮਜ਼ਬੂਤ ਹੁੰਦੀ ਹੈ। ਸੰਗਮਰਮਰ ’ਤੇ ਤਾਂ ਪੈਰ ਫਿਸਲਦੇ ਦੇਖੇ ਨੇ।**

# ਅਰਦਾਸ ਦੀ ਸਾਂਝੀਵਾਲਤਾ

ਜਸਵੰਤ ਸਿੰਘ ਨੇਕੀ



**ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ।**

**-ਬਿਭਾਸ ਪ੍ਰਭਾਤੀ ਕਬੀਰ** (1350/5)

ਅਰਦਾਸ ਸਮੁੱਚੇ ਮਨੁੱਖ ਮਾਤ੍ਰ ਦਾ ਸਾਂਝਾ ਅਨੁਭਵ ਹੈ। ਸ਼ਾਇਦ ਹੀ ਕੋਈ ਐਸਾ ਮਨੁੱਖ ਹੋਵੇ ਜਿਸ ਨੇ ਕਿਸੇ ਨਿਰਗੁਣ ਸ਼ਕਤੀ ਨੂੰ ਕਦੇ ਬਹੁੜੀ ਨਾ ਪਾਈ ਹੋਵੇ। ਫਿਰ ਕੋਈ ਧਰਮ ਅਜਿਹਾ ਕਿਵੇਂ ਹੋ ਸਕਦਾ ਹੈ ਜਿਸ ਵਿਚ ਅਰਦਾਸ ਨਾ ਹੋਵੇ? ਅਰਦਾਸ ਕਿਸੇ ਧਰਮ ਦੀ ਵੀ ਹੋਵੇ, ਇੱਕੋ ਅੰਤ੍ਰੀਵ ਭਾਵਨਾ ਦੀ ਧਾਰਨੀ ਹੁੰਦੀ ਹੈ-ਤੇ ਇਉਂ ਅਨੇਕਤਾ ਪਿੱਛੇ ਲੁਕੀ ਏਕਤਾ ਦੀ ਸੂਚਕ ਹੁੰਦੀ ਹੈ। ਸਪੱਸ਼ਟ ਹੈ ਕਿ ਅਰਦਾਸ ਸਮਸਤ ਧਰਮਾਂ ਦੀ ਮੂਲ ਏਕਤਾ ਦਾ ਪ੍ਰਮਾਣ ਹੈ।

ਵੈਦਿਕ ਸੰਧਿਆ-ਉਪਾਸ਼ਨਾ, ਇਸਲਾਮੀ ਨਮਾਜ਼, ਈਸਾਈ, ਪ੍ਰਾਰਥਨਾ ਤੇ ਸਿੱਖ ਅਰਦਾਸ ਅਸਲ ਵਿਚ ਵੱਖ-ਵੱਖ ਸਮੇਂ ਢਲੇ ਇਕੋ ਭਾਵਨਾ ਦੇ ਅੱਡ-ਅੱਡ ਰੂਪ ਹਨ। ਉਹਨਾਂ ਵਿਚਾਲੇ ਭਾਵਾਂ ਤੇ ਭਾਵਨਾ ਦੀ ਬੁਨਿਆਦੀ ਸਾਂਝ ਦਿਸਦੀ ਹੈ। ਕਈ ਵਾਰੀ ਤਾਂ ਰੂਪ ਦੀ ਸਾਂਝ ਵੀ ਝਲਕਦੀ ਭਾਸਦੀ ਹੈ।

ਅਰਦਾਸ ਕਰਨਾ, ਭਾਵਨਾ ਦੇ ਪਵਿੱਤਰ ਜਲ ਵਿਚ ਇਸ਼ਨਾਨ ਕਰਨਾ ਹੈ, ਤੇ ਇਸ ਇਸ਼ਨਾਨ ਮਗਰੋਂ ਆਪਣੀ ਆਤਮਾ ਦੇ ਸ਼ੀਸ਼ੇ ਵਿਚ ਝਾਕਣਾ ਹੈ-ਇਹ ਵੇਖਣ ਲਈ, ਕਿਤੇ ਕੋਈ ਮੈਲ ਤਾਂ ਨਹੀਂ ਰਹਿ ਗਈ! ਜੋ ਨਿੱਤ ਇਹ ਮੱਜਨ ਕਰਦਾ ਹੈ, ਉਸ ਦਾ ਅੰਦਰਾ ਲਿਸ਼ ਲਿਸ਼ ਕਰਦਾ ਹੈ।

ਅਰਦਾਸ ਦਾ ਕੋਈ ਸਮਾਂ ਮੁਕੱਰਰ ਨਹੀਂ। ਭਾਵਨਾ ਸਮੇਂ ਦੀ ਗ਼ੁਲਾਮ ਨਹੀਂ ਹੁੰਦੀ। ਇਸ ਦਾ ਆਤਮਕ ਉਮਾਹ ਦੇਸ਼ ਕਾਲ ਦੀਆਂ ਬੰਦਸ਼ਾਂ ਤੋਂ ਮੁਕਤ ਹੁੰਦਾ ਹੈ। ਜਿਨ੍ਹਾਂ ਦੇ ਅੰਦਰ ਦਿਨ-ਚੜ੍ਹਦੇ ਇਹ ਉਮਾਹ ਜਾਗਦਾ, ਤੇ ਦਿਨ ਢਲਦੇ ਵੀ ਏਹੋ ਜਗਮਗਾਉਂਦਾ ਹੈ, ਉਨ੍ਹਾਂ ਦਾ ਸਾਰਾ ਜੀਵਨ ਚਾਨਣ-ਚਾਨਣ ਹੋਇਆ ਰਹਿੰਦਾ ਹੈ। ਜਿਨ੍ਹਾਂ ਦੇ ਅੰਦਰੇ ਮੈਲ ਨਾਲ ਅੱਟੇ ਪਏ ਹਨ, ਉਨ੍ਹਾਂ ਦਾ ਉਮਾਹ ਲਿਸ਼ਕਣੋਂ ਹਟ ਗਿਆ ਹੈ। ਉਹਨਾਂ ਦੇ ਅੰਦਰੇ ਸੌਂ ਗਏ ਹਨ। ਉਨ੍ਹਾਂ ਨੂੰ ਝੰਜੋੜ ਕੇ ਜਗਾਉਣ ਦੀ ਲੋੜ ਹੈ। ਉਨ੍ਹਾਂ ਵਾਸਤੇ ਅਭਿਆਸ ਲੋੜੀਂਦਾ ਹੈ, ਤੇ ਅਰਦਾਸ ਹੀ ਉਨ੍ਹਾਂ ਲਈ ਲੋੜੀਂਦਾ ਅਭਿਆਸ ਹੈ। ਇਸ ਅਭਿਆਸ ਨਾਲ ਜਿਉਂ-ਜਿਉਂ ਉਨ੍ਹਾਂ ਦੀ ਅਰਦਾਸ ਹੋਰ ਸਚੇਤ ਹੋਵੇਗੀ, ਉਮਾਹ ਚਮਕੇਗਾ, ਤੇ ਅੰਦਰੋਂ ਨਵੇਂ ਲਿਸ਼ਕਾਰੇ ਪ੍ਰਤੀਤ ਹੋਣਗੇ।

ਬਹੁਤ ਸਾਰੇ ਧਰਮਾਂ ਵਿਚ ਘੱਟੋ-ਘੱਟ ਦੋ ਵੇਲੇ ਅਰਦਾਸ ਦੇ ਅਭਿਆਸ ਦਾ ਨੇਮ ਹੈ। ਇਹ ਨੇਮ ਤਾਂ ਨਵੇਂ ਪਾਂਧਾਊਆਂ ਲਈ ਮੁਕੱਰਰ ਕੀਤਾ ਜਾਂਦਾ ਹੈ। ਜਿਨ੍ਹਾਂ ਦਾ ਹਰ ਸੁਆਸ ਅਰਦਾਸ ਦੀ ਭਾਵਨਾ ਨਾਲ ਰੰਗਿਆ ਹੋਇਆ ਹੈ ਉਨ੍ਹਾਂ ਨੂੰ ਕਿਸੇ ਨੇਮ, ਕਿਸੇ ਮਰਯਾਦਾ ਦੀ ਮੁਥਾਜੀ ਨਹੀਂ ਰਹਿੰਦੀ। ਫਿਰ ਵੀ 'ਅੰਮ੍ਰਿਤ ਵੇਲਾ' ਤੇ 'ਸੰਧਿਆ ਵੇਲਾ' ਕੁਦਰਤ ਦੇ ਦੋ ਸੁਹਾਉਣੇ ਵੇਲੇ ਹਨ। ਇਹ ਆਰਾਮ ਤੋਂ ਕਾਰ ਵਲ ਤੇ ਕਾਰ ਤੋਂ ਆਰਾਮ ਵੱਲ ਪਰਤਣ ਦੇ ਸਮੇਂ ਹੁੰਦੇ ਹਨ। ਆਰਾਮ ਤੋਂ ਉੱਠ ਕੇ ਸਚੇਤ ਹੋ ਰਿਹਾ ਮਨ, ਜਾਂ ਆਰਾਮ ਦੀ ਗੋਦ ਵਿਚ ਅਸਤ ਹੋ ਰਹੀ ਚੇਤਨਾ, ਅਰਦਾਸ ਵਿਚ ਵਧੇਰੇ ਜੁੜ ਸਕਦੀ ਹੈ। ਇਸੇ ਲਈ ਬਚਨ ਹੈ : 'ਅਰਦਾਸ, ਸਾਡੇ ਦਿਨ ਦੀ ਕੁੰਜੀ ਤੇ ਰਾਤ ਦਾ ਜੰਦਰਾ ਹੋਣੀ ਚਾਹੀਦੀ ਹੈ।' ਰਿਗ ਵੇਦ ਵਿਚ ਕਿਹਾ ਹੈ : "ਜਦੋਂ ਸੂਰਜ ਚੜ੍ਹੇ ਤਾਂ ਵੀ ਪ੍ਰਾਰਥਨਾ ਕਰੋ, ਜਦੋਂ ਡੁੱਬੇ ਤਾਂ ਵੀ।" ਮਹਾਤਮਾ ਜ਼ਰਤੁਸ਼ਤ ਦਾ ਕਥਨ ਹੈ : "ਇਹ ਸਵੇਰਾ, ਇਹ ਦੁਪਹਿਰੀ, ਇਹ ਸੰਝ ਕਿਸੇ ਦੇ ਸਿਰਜੇ ਹੋਏ ਹਨ। ਇਹ ਜਗਿਆਸੂ ਨੂੰ (ਅਰਦਾਸ ਦੇ) ਮਹਾਨ ਕਰਤੱਵ ਦਾ ਚੇਤਾ ਕਰਾਉਂਦੇ ਹਨ।" ਜਿਸ ਦਾ ਦਿਨ ਅਰਦਾਸ ਨਾਲ ਚੜ੍ਹਦਾ ਹੈ, ਸਾਰਾ ਦਿਨ ਉਸ ਦੀ ਕਿਰਤ ਵਾਹਿਗੁਰੂ ਦੀ ਗੋਦ ਵਿਚ ਬੀਤਦੀ ਹੈ। ਵਾਹਿਗੁਰੂ ਦੀ ਮੇਹਰ ਤਾਂ ਹਰ ਵੇਲੇ ਬਰਸਦੀ ਪਈ ਹੈ। ਜਿਸ ਵੇਲੇ ਵੀ ਅਰਦਾਸ ਦਾ ਪੱਲਾ ਅੱਡ ਦੇਈਏ, ਬਖ਼ਸ਼ਿਸ਼ ਨਾਲ ਝੋਲੀ ਭਰ ਜਾਂਦੀ ਹੈ। ਉਸ ਦੀ ਜੋਤ ਤਾਂ ਹਰ ਵੇਲੇ ਜਗਮਗਾ ਰਹੀ ਹੈ, ਅਰਦਾਸ ਤਾਂ ਉਸ ਨੂਰ ਨੂੰ ਸੱਦਾ ਦੇਣਾ ਹੈ ਕਿ 'ਮੇਰਾ ਮਨ ਵੀ ਜਗਮਗਾ ਦੇ' :

**ਓਮ!**

**ਤਿੰਨਾਂ ਲੋਕਾਂ ਤੇ ਮਨ ਦੀਆਂ ਤਿੰਨੇ ਅਵਸਥਾਵਾਂ ਅੰਦਰ ਵਿਚਰਦੇ ਹੇ ਪਿਤਾ,**

**ਆਪਣੀ ਦਿਬ ਜੋਤੀ ਨਾਲ ਸਾਡੇ ਮਨਾਂ ਨੂੰ ਰੁਸ਼ਨਾ ਕੇ**<br>
**ਸਾਨੂੰ ਪ੍ਰੇਰਨਾ ਦੇ।**<br>
**ਅਸੀਂ ਆਪਣੀ ਬੁੱਧੀ ਨੂੰ ਤੇਰੀ ਦੈਵੀ ਜੋਤਿ ਦਾ**<br>
**ਪ੍ਰਕਾਸ਼ ਝੁੱਪਣ ਲਈ**<br>
**ਨੰਗਿਆਂ ਕਰਦੇ ਹਾਂ।** **-ਵੈਦਿਕ ਗਾਇਤ੍ਰੀ**

ਜਦੋਂ ਵਾਹਿਗੁਰੂ ਦੇ ਨੂਰ ਨੂੰ ਅੰਦਰ ਪ੍ਰਵੇਸ਼ ਕਰਨ ਦਾ ਸੱਦਾ ਦੇਈਏ ਤਾਂ ਅਧਿਆਤਮ ਮਾਰਗ ਦੀਆਂ ਔਕੜਾਂ ਸੁਤੇ ਹੀ ਦੂਰ ਹੋਣ ਲੱਗ ਪੈਂਦੀਆਂ ਹਨ। ਕਹਿੰਦੇ ਹਨ, ਹਜ਼ਰਤ ਮੁਹੰਮਦ ਸਾਹਿਬ ਨੂੰ ਜਦ ਵੀ ਔਕੜ ਪ੍ਰਤੀਤ ਹੁੰਦੀ, ਉਹ ਰੋ ਰੋ ਕੇ ਰੱਬ ਅੱਗੇ ਦੁਆ ਕਰਦੇ ਸਨ ਤੇ ਉਸ ਪਾਸੋਂ ਰੌਸ਼ਨੀ ਮੰਗਦੇ ਸਨ। ਦਸੀਦਾ ਹੈ ਕਿ ਅਰਦਾਸ ਕਰਦਿਆਂ ਉਨ੍ਹਾਂ ਦਾ ਸਾਰਾ ਸਰੀਰ ਥਰ ਥਰ ਕੰਬਣ ਲੱਗ ਪੈਂਦਾ ਤੇ ਅੱਥਰੂਆਂ ਤੇ ਪਸੀਨੇ ਨਾਲ ਸਾਰਾ ਜਾਮਾ ਤਰ ਹੋ ਜਾਂਦਾ ਸੀ। ਕਈ ਕਈ ਦਿਨ ਬਿਨਾਂ ਖਾਧੇ ਪੀਤੇ ਇਸੇ ਹਾਲਤ ਵਿਚ ਪਏ ਰਹਿੰਦੇ ਸਨ। ਜਦੋਂ ਰੱਬ ਦਾ ਨੂਰ ਅੰਦਰੋਂ ਝਲਕਾਰੇ ਮਾਰਨ ਲੱਗ ਪੈਂਦਾ ਸੀ ਤਦ ਉੱਠਦੇ ਸਨ। ਉਦੋਂ ਜੋ ਬਚਨ ਵੀ ਉਹਨਾਂ ਦੇ ਮੂੰਹੋਂ ਨਿਕਲਦਾ ਸੀ ਉਹ ਕਲਾਮ-ਅੱਲਾਹ ਕਰਕੇ ਸਵੀਕਾਰਿਆ ਜਾਂਦਾ ਸੀ। ਸਾਰਾ ਕੁਰਾਨ ਮਜੀਦ ਅਜਿਹੇ ਬਚਨਾਂ ਦਾ ਹੀ ਸੰਗ੍ਰਹਿ ਹੈ। ਕੁਰਾਨ ਸ਼ਰੀਫ਼ ਵਿਚ ਮੁਸਲਮਾਨਾਂ ਵਾਸਤੇ ਜੋ ਰਹਿਤ ਦਰਜ ਹੈ, ਉਸ ਮੁਤਾਬਕ ਪੰਜ ਵੇਲੇ ਨਮਾਜ਼ ਜਾਂ ਅਰਦਾਸ ਕਰਨੀ ਜ਼ਰੂਰੀ ਹੈ। ਨਮਾਜ਼ ਦਾ ਅਰੰਭ ਕਲਮੇ ਨਾਲ ਹੁੰਦਾ ਹੈ ਤੇ ਇਹ ਕਲਮਾ ਆਪਣੇ ਆਪ ਵਿਚ ਇਕ ਮੁਕੰਮਲ ਅਰਦਾਸ ਹੈ :

**ਹੇ ਸੰਸਾਰ ਦੇ ਮਾਲਕ, ਉਦਾਰ ਤੇ ਦਇਆਲ ਅੱਲਾਹ,**
**ਅਸੀਂ ਤੇਰਾ ਗੁਣਾਨਬਾਦ ਕਰਦੇ ਹਾਂ।**
**ਹੇ ਕਿਆਮਤ ਦੇ ਦਿਨ ਦੇ ਅਧਿਕਾਰੀ,**
**ਅਸੀਂ ਤੇਰੀ ਸੇਵਾ ਤੇ ਸਹਾਇਤਾ ਮੰਗਦੇ ਹਾਂ।**
**ਸਾਨੂੰ ਉਹ ਰਸਤਾ ਦਿਖਾਲ**
**ਜਿਸ ਤੇ ਚਲਦਿਆਂ ਤੇਰੀ ਦੁਆ ਪ੍ਰਾਪਤ ਹੋਵੇ।**
**ਆਪਣੇ ਮਨਜ਼ੂਰ ਕੀਤੇ ਸੱਚੇ ਮਾਰਗ ਤੇ ਪਾ—**
**ਉਸ ਕੁਮਾਰਗ ਤੇ ਨਹੀਂ,**
**ਜਿਸ ਤੇ ਤੁਰਿਆਂ ਤੇਰੀ ਨਜ਼ਰ 'ਚੋਂ ਡਿੱਗ ਜਾਈਏ।**

**- ਕੁਰਾਨ ਮਜੀਦ : ਨਮਾਜ਼ ਵਿਚੋਂ**

ਇਸੇ ਭਾਵਨਾ ਦੀ ਅਰਦਾਸ ਪਾਰਸੀ ਧਰਮ ਦੀ ਧਰਮ-ਪੁਸਤਕ ਗਾਥਾ ਵਿਚ ਵੀ ਆਉਂਦੀ ਹੈ :

**ਹੇ ਅਹੁਰਮਜ਼ਦ !**
**ਮੈਨੂੰ ਐਸੀ ਬੁੱਧੀ ਦੇਹ ਜਿਸ ਨਾਲ ਮੈਂ**
**ਸੋਚ ਸਮਝ ਕੇ ਕੰਮ ਕਰਾਂ ਅਤੇ ਆਪਣੇ ਫ਼ਰਜ਼ ਪੂਰੇ ਕਰਾਂ।**
**ਨੇਕੀ ਦੀ ਦੌਲਤ ਦੇ, ਜਿਸ ਤੋਂ ਹੋਰ ਸਭ ਦੌਲਤਾਂ ਪ੍ਰਾਪਤ ਹੁੰਦੀਆਂ ਹਨ।**
**ਮੈਨੂੰ ਧੀਰਜ ਦੇ, ਸਿੱਧਾ ਰਾਹ ਵਿਖਾ :**
**ਉਹ ਰਾਹ ਜੋ ਤੇਰਾ ਮਾਰਗ ਹੈ ਤੇ ਤੇਰੇ ਤੀਕ ਪਹੁੰਚਦਾ ਹੈ।**

ਜਦੋਂ ਵੀ ਅਰਦਾਸ ਦੀ ਭਾਵਨਾ ਉਤੇਜਿਤ ਹੁੰਦੀ ਹੈ, ਇਉਂ ਜਾਪਣ ਲੱਗਦਾ ਹੈ ਕਿ ਉਸ 'ਵਡ ਪੁਰਖ' ਦੀ ਸ਼ਰਨ ਵਿਚ ਹੀ ਸਾਡੀ ਸੁਰੱਖਿਆ ਹੈ। ਜੈਨ ਅਰਦਾਸ ਵੀ ਇਸੇ ਗੱਲ ਦੀ ਸ਼ਾਹਦੀ ਭਰਦੀ ਹੈ :

**ਸਮਸਤ ਸੰਸਾਰ ਤੋਂ ਬਾਹਰੇ,**
**ਵਿਚਾਰ ਰੂਪ ਸੁਖ ਸੁਭਾ ਵਾਲੇ, ਹੇ ਉੱਚਤਮ ਗਿਆਨ,**
**ਸਮਾਧੀ ਦੀ ਉੱਚ ਅਵਸਥਾ ਰਾਹੀਂ ਪ੍ਰਾਪਤ ਹੋਣ ਵਾਲੇ**
**ਹੇ ਦੇਵਾਨ ਦੇਵ ਪਰਮ ਆਤਮਾ,**
**ਤੂੰ ਮੇਰੇ ਹਿਰਦੇ ਵਿਚ ਪ੍ਰਵੇਸ਼ ਕਰ !**
.....
**ਜੋ ਕੋਈ ਵੀ ਇਸ ਨਿਰਮਲ ਤੇ ਨਿਰਗੁਣ ਪਰਮ-ਆਤਮਾ**
**ਦੀ ਸ਼ਰਨ ਲੈਂਦਾ ਤੇ ਉਸ ਨਾਲ ਲਿਵ ਜੋੜਦਾ ਹੈ,**
**ਪਰਮ ਗਤੀ ਨੂੰ ਪ੍ਰਾਪਤ ਹੁੰਦਾ।** **-ਅਮਿਤ ਗਤੀ ਸਮਾਯਿਕ ਪਾਠ**

ਪਰਮ ਆਤਮਾ ਦੀ ਸ਼ਰਨ ਲੈਣ ਨਾਲ ਮਨੁੱਖ ਇਉਂ ਪ੍ਰਤੀਤ ਕਰਦਾ ਹੈ ਜਿਵੇਂ ਉਹ ਸਵੱਛ ਆਤਮਾਵਾਂ ਦੀ ਸੰਗਤ ਦੀ ਸਦੱਸ ਹੋ ਗਿਆ ਹੋਵੇ। ਉਸ ਨੂੰ ਉਹ ਹੋਂਦ ਪਿਆਰੀ ਲੱਗਦੀ ਹੈ ਜਿਸ ਦੀ ਉਸ ਨੇ ਸ਼ਰਨ ਪਕੜੀ ਹੈ। ਉਹ ਰੰਗ ਪਿਆਰਾ ਲੱਗਦਾ ਹੈ ਜਿਸ ਵਿਚ ਉਹ ਰੰਗੀਜ ਗਿਆ ਹੈ। ਉਹ ਜਥੇਬੰਦੀ ਸੁਹਾਵੀ ਲੱਗਦੀ ਹੈ ਜਿਸ ਦਾ ਉਹ ਅੰਗ ਹੋ ਗਿਆ ਹੈ। ਬੁਧ ਧਰਮ ਦੀ ਪ੍ਰਮਾਣਿਕ ਅਰਦਾਸ ਇਸੇ ਅਵਸਥਾ ਨੂੰ ਪ੍ਰਤਿਬਿੰਬਿਤ ਕਰਦੀ ਹੈ :

**ਮੈਂ ਬੁੱਧ ਦੀ ਸ਼ਰਨ ਲੈਂਦਾ ਹਾਂ।**
**ਮੈਂ ਅਟੱਲ ਕਾਨੂੰਨ (ਧਰਮ) ਦੀ ਸ਼ਰਨ ਲੈਂਦਾ ਹਾਂ।**
**ਮੈਂ ਪਾਵਨ ਜਥੇਬੰਦੀ (ਸੰਘ) ਦੀ ਸ਼ਰਨ ਲੈਂਦਾ ਹਾਂ।**

ਯਹੂਦੀਆਂ ਦੀ ਰਵਾਇਤੀ ਅਰਦਾਸ 'ਆਮੀਦਾਹ' ਵਿਚ ਰੱਬ ਨੂੰ ਜੀਵਨ ਦਾ ਸੋਮਾ ਤੇ ਜੀਆਂ ਦਾ ਆਧਾਰ ਕਰਕੇ ਸੰਬੋਧਨ ਕੀਤਾ ਗਿਆ ਹੈ ਤੇ ਉਸ ਦੀ ਮੇਹਰ ਲਈ ਸ਼ੁਕਰ-ਗੁਜ਼ਾਰੀ ਕੀਤੀ ਗਈ ਹੈ। ਇਸ ਅਰਦਾਸ ਦੇ ਅੰਤਲੇ ਭਾਗ ਵਿਚ ਅਮਨ ਤੇ ਸੁਰੱਖਿਆ ਲਈ ਵੀ ਪ੍ਰਾਰਥਨਾ ਹੈ। ਯਹੂਦੀ ਜਿਗਿਆਸੂ ਨੂੰ ਆਦੇਸ਼ ਦਿੱਤਾ ਜਾਂਦਾ ਹੈ : "ਜੋ ਵੀ ਕੋਈ ਅਰਦਾਸ ਵਿਚ ਜੁੜਨਾ ਲੋਚਦਾ ਹੈ, ਉਸ ਲਈ ਲਾਜ਼ਮ ਹੈ ਕਿ ਉਹ ਆਪਣੀਆਂ ਅੱਖਾਂ ਨੀਵੀਆਂ ਰਖੇ ਤੇ ਸੁਰਤ ਉੱਚੀ।" ਇਜ਼ਰਾਈਲ ਨੂੰ ਰੱਬ ਨੇ ਫ਼ੁਰਮਾਨ ਕੀਤਾ : "ਤੁਹਾਨੂੰ ਹੁਕਮ ਹੈ ਕਿ ਆਪਣੇ ਨਗਰ ਦੇ ਮੰਦਰ ਵਿਚ ਅਰਦਾਸ ਕਰੋ। ਜੇ ਉਥੇ ਨਹੀਂ ਕਰ ਸਕਦੇ ਤਾਂ ਆਪਣੀ ਪੈਲੀ ਵਚਿ ਹੀ ਕਰੋ। ਜੇਕਰ ਪੈਲੀ ਵਿਚ ਵੀ ਨਹੀਂ ਕਰ ਸਕਦੇ ਤਾਂ ਬਿਸਤਰੇ ਤੇ ਪਿਆਂ ਹੀ ਕਰੋ। ਜੇ ਉਥੇ ਵੀ ਨਹੀਂ ਤਾਂ ਆਪਣੇ ਦਿਲ ਵਿਚ ਹੀ ਮੈਨੂੰ ਯਾਦ ਕਰੋ, ਤੇ ਸ਼ਾਂਤੀ ਦੇ ਭਾਗੀ ਬਣੋ।"

ਸਿਦਕਵਾਨਾਂ ਨੂੰ ਵਾਹਿਗੁਰੂ ਦੀ ਮਿਹਰਾਮਤ ਚੰਗੇ-ਮੰਦੇ ਸਭਨਾਂ ਤੇ ਇਕਸਾਰ ਵਰਤ ਰਹੀ ਪ੍ਰਤੀਤ ਹੁੰਦੀ ਹੈ :

**ਉਸ ਦਾ ਸੂਰਜ ਚੰਗਿਆਂ ਤੇ ਮੰਦਿਆਂ ਦੋਹਾਂ ਲਈ ਇਕਸਾਰ ਚੜ੍ਹਦਾ ਹੈ।**
**ਉਸ ਦੀ ਵਰਖਾ ਵੀ ਨਿਆਈ ਤੇ ਅਨਿਆਈ ਦੋਹਾਂ ਲਈ ਇਕੋ ਜਹੀ ਵਸਦੀ ਹੈ।** **-ਇੰਜੀਲ**

ਈਸਾਈ ਧਰਮ ਵਿਚ ਅਰਦਾਸ ਨੂੰ 'ਆਤਮਾ ਦਾ ਪ੍ਰਾਣ' ਕਿਹਾ ਗਿਆ ਹੈ। ਜਿਵੇਂ ਪ੍ਰਾਣਾਂ ਤੋਂ ਬਿਨਾਂ ਕੋਈ ਜੀ ਨਹੀਂ ਸਕਦਾ, ਉਵੇਂ ਅਰਦਾਸ ਤੋਂ ਬਿਨਾਂ ਆਤਮਾ ਪ੍ਰਫੁਲਤ ਨਹੀਂ ਹੋ ਸਕਦਾ। ਤੇ ਆਤਮਾ ਤੋਂ ਬਗ਼ੈਰ ਧਰਮ ਕੇਹਾ? ਈਸਾਈ ਧਰਮ ਵਿਚ ਅਰਦਾਸ ਇਕ ਬੜੀ ਪ੍ਰਫੁਲਤ ਸੰਸਥਾ ਹੈ। ਕਈ ਲੋਕ ਤਾਂ ਇਸ ਨੂੰ ਈਸਾਈ ਧਰਮ ਦਾ ਮੂਲਾਧਾਰ ਮੰਨਦੇ ਹਨ।

ਸਿੱਖ ਧਰਮ ਵਿਚ ਵੀ ਅਰਦਾਸ ਦਾ ਬੜਾ ਮਹੱਤਵ ਹੈ। ਗੁਰਮਤਿ ਸਾਧਨਾ ਦੇ ਤਿੰਨ ਮੁਖ ਅੰਗ ਹਨ : ਸਿਮਰਨ, ਸੇਵਾ ਤੇ ਅਰਦਾਸ। ਸੇਵਾ ਥੀਂ ਨਿੰਮ੍ਰਤਾ ਪੈਦਾ ਹੁੰਦੀ ਹੈ, ਜਿਸ ਤੋਂ ਅਰਦਾਸ ਪ੍ਰਪੱਕ ਹੁੰਦੀ ਹੈ। ਅਰਦਾਸ ਦੀ ਸਹਾਇਤਾ ਨਾਲ ਸਿਮਰਨ ਵਿਚ ਵਾਧਾ ਹੁੰਦਾ ਹੈ। ਇਉਂ ਅਰਦਾਸ ਗੁਰਮਤਿ ਦਾ ਕੇਂਦਰੀ ਸਾਧਨ ਹੈ। ਸਿੱਖ ਨੂੰ ਆਦੇਸ਼ ਹੈ ਕਿ ਉਹ ਆਪਣਾ ਦੁਖ ਸੁਖ ਅਰਦਾਸ ਰਾਹੀਂ ਵਾਹਿਗੁਰੂ ਨਾਲ ਸਾਂਝਾ ਕਰੇ ਤੇ ਉਸ ਦੀ ਪਾਵਨ ਸ਼ਰਨ ਦਾ ਆਸਰਾ ਭਾਲੇ :

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ।**
**ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ।**

**-ਗੂਜਰੀ ਵਾਰ ਮ: ੫** (519/11)

ਵੱਖ-ਵੱਖ ਧਰਮਾਂ ਦੀਆਂ ਅਰਦਾਸਾਂ ਉੱਪਰ ਮਾਰੀ ਇਸ ਸੰਖੇਪ ਜਿਹੀ ਝਾਤ ਤੋਂ ਪ੍ਰਤੱਖ ਜਾਪਦਾ ਹੈ ਕਿ ਸਿਦਕ ਤੇ ਅਰਦਾਸ ਦੀ ਭਾਵਨਾ ਮਨੁੱਖਤਾ ਦੀ ਸਰਬ-ਸਾਂਝੀ ਪੂੰਜੀ ਹੈ। ਬੋਲੀ ਭਾਵੇਂ ਵੱਖਰੀ ਹੋਵੇ, ਬੋਲ ਭਾਵੇਂ ਅੱਡ ਹੋਣ, ਪਰ ਬੋਲਾਂ ਪਿਛੇ ਵਰਤਦਾ ਤਰਲਾ ਸਦਾ ਓਹੀ ਹੁੰਦਾ ਹੈ। ਧਰਮਾਂ ਦੀਆਂ ਅਰਦਾਸਾਂ ਦੀ ਭਾਵੁਕ ਸਾਂਝ ਵੱਖ-ਵੱਖ ਧਰਮਾਂ ਵਾਲਿਆਂ ਨੂੰ ਆਤਮਕ ਮੰਡਲ ਦੀ ਅਦੁਤੀ ਸਾਂਝੀਵਾਲਤਾ ਵਿਚ ਪਰੋ ਦਿੰਦੀ ਹੈ :

**ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।**

**-ਮਾਝ ਮ: ੫** (97/8)

ਅਰਦਾਸ ਭਾਵੇਂ ਸਭਨਾਂ ਧਰਮਾਂ ਦਾ ਪ੍ਰਮੁੱਖ ਅੰਗ ਹੈ, ਸਿੱਖ ਧਰਮ ਵਿਚ ਇਸ ਨੂੰ ਇਕ ਵਿਸ਼ੇਸ਼ ਸੰਸਥਾ ਦਾ ਥਾਨ ਪ੍ਰਾਪਤ ਹੈ। ਸਿੱਖ ਅਰਦਾਸ ਇਸ਼ਟ ਦਾ ਮੰਗਲ ਵੀ ਹੈ, ਕੌਮੀ ਇਤਿਹਾਸ ਦਾ ਖੁਲਾਸਾ ਵੀ ਹੈ, ਪੰਥਕ ਆਕਾਂਖਿਆਵਾਂ ਦੀ ਦਸਤਾਵੇਜ਼ ਵੀ, ਤੇ ਹਰ ਸਿੱਖ ਲਈ ਨਿਰੰਕਾਰ ਨਾਲ ਜੁੜਨ ਦਾ ਸਾਧਨ ਵੀ।

# ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ

ਦੁੱਲਾ ਭੱਟੀ ਦਾ ਸ਼ੁਮਾਰ ਪੰਜਾਬ ਦੇ ਉਨ੍ਹਾਂ ਸੂਰਮਿਆਂ ਤੇ ਬਹਾਦਰਾਂ ਵਿੱਚ ਹੁੰਦਾ ਏ ਜਿਨ੍ਹਾਂ ਆਪੋ ਆਪਣੇ ਵਕਤ ’ਚ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਆਪਣੀ ਜਾਨ ਦਾ ਨਜ਼ਰਾਨਾ ਪੇਸ਼ ਕਰਕੇ ਹਮੇਸ਼ਾ ਹਮੇਸ਼ਾ ਲਈ ਖੁਦ ਨੂੰ ਅਮਰ ਕਰ ਲਿਆ। ਸੂਰਮਾਂ ਦੁੱਲਾ ਭੱਟੀ ਰਾਜਪੂਤ ਕਬੀਲੇ ਦਾ ਜਵਾਂ ਮਰਦ ਸੀ। ਇਹ ਕਬੀਲਾ ਤਕਰੀਬਨ 700 ਸਾਲ ਪਹਿਲਾਂ ਹਿੰਦੁਸਤਾਨ ਦੇ ਜੈਸਲਮੇਰ-ਰਾਜਸਥਾਨ ਤੋਂ ਹਿਜਰਤ ਕਰਕੇ ਏਥੇ ਆ ਕੇ ਆਬਾਦ ਹੋਇਆ। ਉਸ ਵਕਤ ਏਥੇ ਸੇਹੂ ਹੰਜਰਾ ਦੀ ਮਾਲਕੀ ਸੀ ਜਿਸ ਦਾ ਸਦਰ ਮੁਕਾਮ ਬਾਰ ਦਾ ਏਹੋ ਇਲਾਕਾ ਸੀ। ਉਹਦੀ ਇਜਾਜ਼ਤ ਨਾਲ ਇਹ ਕਬੀਲਾ ਪਿੰਡੀ ਭੱਟੀਆਂ ਦੇ ਮੁਕਾਮ ’ਤੇ ਆਬਾਦ ਹੋਇਆ। ਭੱਟੀ ਕਬੀਲਾ ਰਾਜਪੂਤ ਹੋਣ ਕਾਰਨ ਜੰਗਜੂ ਆਦਤਾਂ ਰੱਖਦਾ ਸੀ ਅਤੇ ਜੰਗ ’ਚ ਜਾਨ ਵਾਰਨ ਨੂੰ ਨੇਕੀ ਸਮਝਦਾ ਸੀ। ਏਸੇ ਲਈ ਰਫਤਾ ਰਫਤਾ ਇਨ੍ਹਾਂ ਦਾ ਇਸ ਸਾਰੇ ਇਲਾਕੇ ’ਤੇ ਕਬਜ਼ਾ ਹੈ ਗਿਆ। ਅਗਲੀਆਂ ਦੋ ਤਿੰਨ ਸਦੀਆਂ ’ਚ ਭੱਟੀਆਂ ਰਾਜਪੂਤ ਏਥੇ ਬਹੁਤੇ ਥਾਵਾਂ ਦੇ ਮਾਲਕ ਬਣ ਗਏ। ਸੋਲ੍ਹਵੀਂ ਸਦੀ ਦਰਮਿਆਨ ਇਹ ਖਿੱਤਾ ਛੋਟੀਆਂ-ਛੋਟੀਆਂ ਖੁਦਮੁਖਤਿਆਰ ਰਿਆਸਤਾਂ ’ਚ ਵੰਡਿਆ ਜਾ ਚੁੱਕਾ ਸੀ। ਇਹ ਆਪਣੀ ਆਪਸੀ ਬੇਇਤਫਾਕੀ ਦੀ ਵਜ੍ਹਾ ਕਾਰਨ ਮੁਗਲ ਹਮਲਾਵਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਰਹੇ। ਮੁਗਲ ਫੌਜਾਂ ਦਾ ਲਾਂਘਾ ਪਿੰਡ ਭੱਟੀਆਂ ਅਤੇ ਨਜ਼ਦੀਕੀ ਇਲਾਕਿਆਂ ਥਾਣੀ ਹੁੰਦਾ ਸੀ। ਉਸ ਜ਼ਮਾਨੇ ਵਿੱਚ ਜ਼ਰਾਇਤ ਜ਼ੋਰਾਂ ’ਤੇ ਨਹੀਂ ਸੀ ਅਤੇ ਬਹੁਤੀਆਂ ਜ਼ਮੀਨਾਂ ਚਰਾਂਦਾ ਤੇ ਜੰਗਲਾਂ ਹੇਠ ਸਨ। ਮੁਗਲ ਆਬਾਦੀਆਂ ’ਚ ਲੁੱਟਮਾਰ ਕਰਦੇ ਅਤੇ ਫਸਲਾਂ ਤੇ ਚਰਾਗਾਹਾਂ ਨੂੰ ਉਜਾੜ ਦਿੰਦੇ। ਆਪਣੇ ਘੋੜਿਆਂ ਤੇ ਤਮਾਮ ਲਾਉ ਲਸ਼ਕਰ ਦੇ ਜਾਨਵਰਾਂ, ਮਾਲ ਡੰਗਰਾਂ ਵਾਸਤੇ ਅਨਾਜ, ਚਾਰਾ ਤੇ ਪੈਸਾ ਟਕਾ ’ਕੱਠਾ ਕਰਕੇ ਜ਼ਬਰਦਸਤੀ ਖੋਹ ਕੇ ਲੈ ਜਾਂਦੇ। ਮੁਖਾਲਫ਼ਤ ਕਰਨ ਵਾਲਿਆਂ ਦਾ ਕਤਲੇਆਮ ਕੀਤਾ ਜਾਂਦਾ ਅਤੇ ਪਿੰਡਾਂ ਨੂੰ ਅੱਗ ਲਾ ਦਿੱਤੀ ਜਾਂਦੀ। ਇਹ ਇਕ ਖਾਸ ਨੁਕਤਾ ਸੀ ਜਿਥੋਂ ਮੁਗਲਾਂ ਤੇ ਭੱਟੀਆਂ ਦਰਮਿਆਨ ਦੁਸ਼ਮਣੀ ਦਾ ਮੁੱਢ ਬੱਝਿਆ। ਦੁੱਲਾ ਭੱਟੀ ਦੇ ਦਾਦੇ ਬਿਜਲੀ ਖਾਂ ਉਰਫ ਸਾਂਦਲ ਖਾਂ ਨੇ ਇਲਾਕੇ ਦੀ ਖੁਦਮੁਖਤਾਰੀ ਅਤੇ ਰਖਵਾਲੀ ਵਾਸਤੇ ਇਰਦ-ਗਿਰਦ ਦੇ ਸਰਦਾਰਾਂ ਨਾਲ ਮਿਲ ਕੇ ਇਕ ਫੌਜੀ ਟੁਕੜੀ ਕਾਇਮ ਕਰਕੇ ਮੁਗਲ ਹਾਕਮਾਂ ਖਿਲਾਫ ਛਾਪਾ ਮਾਰ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਬਿਜਲੀ ਖਾਂ ਤੇ ਉਹਦੇ ਪੁੱਤਰ ਫਰੀਦ ਖਾਂ ਦੀ ਬਹਾਦਰੀ ਤੇ ਜਵਾਂਮਰਦੀ ਦਾ ਡੰਕਾਂ ਪੂਰੇ ਇਲਾਕੇ ’ਚ ਵੱਜਣ ਲੱਗਾ। ਆਖਰਕਾਰ ਮੁਗਲ ਬਿਜਲੀ ਖਾਂ ਤੇ ਫਰੀਦ ਖਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਗਏ। ਇਨ੍ਹਾਂ ਨੂੰ ਬਾਗੀ ਕਰਾਰ ਦੇ ਕੇ ਫਾਂਸੀ ਦੇ ਤਖਤੇ ’ਤੇ ਲਟਕਾ ਦਿੱਤਾ। ਦੁੱਲੇ ਭੱਟੀ ਦੀਆਂ ਰਗਾਂ ਵਿੱਚ ਇਨ੍ਹਾਂ ਦਾ ਹੀ ਖੂਨ ਦੌੜ ਰਿਹਾ ਸੀ।

ਦੁੱਲੇ ਭੱਟੀ ਦੀ ਪੈਦਾਇਸ਼ ਸਨ 1547 ਈ. ਵਿੱਚ ਪਿੰਡੀ ਭੱਟੀਆਂ ਤੋਂ ਚੰਦ ਕੋਹ ਦੂਰ ਦਰਿਆ ਚਨ੍ਹਾਬ ਦੇ ਕਿਨਾਰੇ ਮੁਕਾਮ ਚੂਚਕ ਦੀ ਕਰੀਬੀ ਪਿੰਡ ਬਦਰ ’ਚ ਹੋਈ। ਦਰਅਸਲ ਇਹ ਮੁਕਾਮ ਉਸ ਦੌਰ ’ਚ ਦਰਿਆ ਦੇ




ਆਰ-ਪਾਰ ਤਜ਼ਾਰਤ ਕਰਨ ਤੇ ਮੁਸਾਫਰਾਂ ਦੀ ਆਮਦ ਰਫਤ ਲਈ ਇਸਤੇਮਾਲ ਹੁੰਦਾ ਸੀ। ਚੂਚਕ ਭੀ ਦੁੱਲਾ ਭੱਟੀ ਦੇ ਖਾਦਾਨ ’ਚੋਂ ਸੀ ਇਸ ਤੋਂ ਬਾਅਦ ਭੱਟੀ ਦੀ ਚੌਥੀ ਪੁਸ਼ਤ ਵਿੱਚ ‘ਅਉਦ’ ਸੀ। ਅਉਦ ਦੇ 14 ਬੇਟਿਆਂ ’ਚੋਂ ਇਕ ਤਲਹਾਰਾ ਸੀ ਤੇ ਚੂਚਕ ਉਹਦਾ ਪੁੱਤਰ ਸੀ। ਚੂਚਕ ਦੇ ਤਿੰਨ ਬੇਟੇ ਨਸੀਓ, ਬਦਰ ਤੇ ਵਾਰਿਸ ਸਨ। ਇਹ ਤਿੰਨੇ ਪਹਿਲਾਂ ਬਦਰ ਪਿੰਡ ’ਚ ਈ ਰਹਿੰਦੇ ਸਨ ਜੋ ਮੁਗਲ ਦੌਰ ਵਿੱਚ ਮੌਜੂਦ ਪਿੰਡ ਚੂਚਕ ਅਤੇ ਬਹਿਲੋਲੀਵਰਦੇ ਦਰਮਿਆਨ ਫਤੂਆਮਾ ਤੇ ਤੂਤਵਾਲਾ ਦੇ ਮੁਕਾਮਪੁਰ ਸੀ। ਪਿੰਡ ਬਦਰ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ। ਦੁੱਲਾ ਭੱਟੀ ਦਾ ਖਾਨਦਾਨ ਅਸਲ ਵਿੱਚ ਪਿੰਡ ਭੱਟੀਆਂ ’ਚ ਆਬਾਦ ਸੀ। ਇਨ੍ਹਾਂ ਦੀ ਮਾਂ ਲੱਧੀ ਦਰਿਆਓਂ ਪਾਰ ਚਲਿਓਟ ਇਲਾਕੇ ਨਾਲ ਤੁਅੱਲਕ ਰੱਖਦੀ ਸੀ। ਜਦੋਂ ਅੰਮਾਂ ਲੱਧੀ ਨੇ ਦੁੱਲੇ ਨੂੰ ਜਨਮ ਦਿੱਤਾ ਤਾਂ ਉਹ ਦਰਿਆਓਂ ਪਾਰ ਜਾਣ ਲਈ ਬੇੜੀ ’ਚ ਸਵਾਰ ਸੀ। ਪੈਦਾਇਸ਼ ਦੇ ਵਕਤ ਦਾਈ ਨੇ ਦੁੱਲੇ ਦੇ ਜਿਸਮ ਤੇ ਇਕ ਨਿਸ਼ਾਨ ਦੇਖਿਆ ਤੇ ਉਹਦੀ ਮਾਂ ਨੂੰ ਕਿਹਾ ਕਿ ਇਹ ਬੱਚਾ ਤਾਰੀਖ ਵਿੱਚ ਆਪਣਾ ਨਾਂ ਚਮਕਾਵੇਗਾ ਅਤੇ ਇਹ ਬਹੁਤ ਦਲੇਰ ਤੇ ਨਿਡਰ ਹੋਵੇਗਾ। ਬਾਅਦ ’ਚ ਇਹ ਗੱਲ ਸੱਚੀ ਸਾਬਤ ਹੋਈ ਕਿਉਂਕਿ ਜੋ ਦੁੱਲੇ ਭੱਟੀ ਨੇ ਅਕਬਰਸ਼ਾਹੀ ਨੂੰ ਪੰਜਾਬ ਦੀ ਧਰਤੀ ਤੋਂ ਵੰਗਾਰਿਆ ਤੇ ਆਪਣੀ ਬਹਾਦਰੀ ਦੇ ਸਬੂਤ ਪੇਸ਼ ਕੀਤੇ। ਦੁੱਲੇ ਦਾ ਨਾਂ ਪੰਜਾਬ ਦੀ ਸ਼ਖਾਵਤੀ ਜ਼ਿੰਦਗੀ ਵਿੱਚ ਬਹਾਦਰੀ ਤੇ ਨਿਡਰਤਾ ਦੀ ਅਲਾਮਤ ਬਣ ਕੇ ਸਾਹਮਣੇ ਆਇਆ।

ਜਦੋਂ ਦੁੱਲਾ ਭੱਟੀ ਜਵਾਨ ਹੋਇਆ ਤਾਂ ਪਰਥਾ ਜੱਟ, ਦਾਦੂ ਡੋਗਰ,

ਜਮਾਲ ਖਾਂ, ਸਰਮਚੋ ਜੌੜਾ, ਕਲਾਬਰ ਵਾਲਾ, ਸੱਲ ਮਿਰਾਸੀ, ਦਉਲਾ ਕੂਲਾ ਅਤੇ ਖਾਬਨਾ ਵਜੀਰ ਇਸ ਦੇ ਕਰੀਬੀ ਸਾਥੀ ਸਨ। ਇਨ੍ਹਾਂ ਦੇ ਸੰਗ ਸਾਥ 'ਚ ਹੀ ਦੁੱਲੇ ਦੀਆਂ ਮਹਿਫਲਾਂ ਗਰਮ ਰਹਿੰਦੀਆਂ ਸਨ। ਇਹਨੇ ਆਪਣੀ ਜੰਗ ਤਾਕਤ 'ਚ ਵਾਧੇ ਦੇ ਨਾਲ ਆਪਣੇ ਅਸਰ ਰਸੂਖ ਹੇਠਲੇ ਇਲਾਕਿਆਂ ਵਿੱਚ ਵੀ ਵਾਧਾ ਕੀਤਾ। ਇਲਾਕੇ ਦੇ ਸੈਂਕੜੇ ਸਰਦਾਰ ਇਨ੍ਹਾਂ ਨਾਲ ਰਲ ਗਏ ਅਤੇ ਇਸ ਇਲਾਕੇ ਵਿੱਚ ਮੁਗਲਾਂ ਦਾ ਕੋਈ ਵੀ ਕਾਫਲਾ ਨਾ ਆ ਸਕਦਾ ਸੀ ਤੇ ਨਾ ਜਾ ਸਕਦਾ ਸੀ। ਉਸ ਜ਼ਮਾਨੇ ਵਿੱਚ ਹਿੰਦੁਸਤਾਨ ਦਾ ਕਿਸਾਨ ਬੇਹੱਦ ਮੁਸ਼ਕਲ ਜ਼ਿੰਦਗੀ ਗੁਜ਼ਾਰਦਾ ਸੀ। ਉਹਦੇ ਲਈ ਜਿਸਮ ਤੇ ਜਾਨ ਦਾ ਰਿਸ਼ਤਾ ਬਰਕਰਾਰ ਰੱਖਣਾ ਬਹੁਤ ਮੁਸ਼ਕਿਲ ਸੀ। ਜਦੋਂ ਕਿ ਹੁਕਮਨਰਾਨ ਸਹਿਜ਼ਾਦੇ ਅਤੇ ਜਾਗੀਰਦਾਰ ਐਸ਼ ਅਰਾਮ ਤੇ ਮੌਜਾਂ ਮਸਤੀਆਂ ਭਰੀਆਂ ਜ਼ਿੰਦਗੀਆਂ ਜੀਉ ਰਹੇ ਸਨ। ਅਕਸਰ ਹੀ ਕਿਸਾਨਾਂ ਦੀਆਂ ਜ਼ਮੀਨਾਂ, ਅਨਾਜ ਤੇ ਮਾਲ ਡੰਗਰ ਉਨ੍ਹਾਂ ਕੋਲੋਂ ਮਨਮਰਜ਼ੀ ਤੇ ਧੱਕੇ ਨਾਲ ਖੋਹ ਲਏ ਜਾਂਦੇ। ਕਿਸਮਤ ਮਾਰਿਆਂ ਨੂੰ ਸਰਕਾਰ ਵਾਸਤੇ ਬਗੈਰ ਕਿਸੇ ਇਵਜ਼ਾਨੇ ਉਜਰਤ ਤੋਂ ਮੁਸ਼ੱਕਤ ਤੇ ਬੇਗਾਰ ਕਰਨੀ ਪੈਂਦੀ। ਜਦੋਂ ਵੀ ਕਿਸੇ ਬਾਦਸ਼ਾਹ ਨੇ ਕੋਈ ਨਵਾਂ ਕਿਲਾ ਤਾਮੀਰ ਕਰਨਾ ਹੁੰਦਾ ਜਾਂ ਸ਼ਹਿਰ ਵਸਾਉਣਾ ਹੁੰਦਾ ਤਾਂ ਪੇਂਡੂ ਇਲਾਕੇ ਦੇ ਹਰ ਇਕ ਜੀਅ ਨੂੰ ਉਸਾਰੀ ਦੇ ਕੰਮ ਵਿੱਚ ਬਗੈਰ ਕਿਸੇ ਮਿਹਨਤਾਨੇ ਦੇ ਬੇਗਾਰ ਜਾਂ ਔਖੀ ਮੁਸ਼ੱਕਤ ਕਰਨੀ ਪੈਂਦੀ। ਆਮ ਕਿਸਾਨ ਇਸ ਸੂਰਤ ਹਾਲ ਤੋਂ ਬਹੁਤ ਤੰਗ ਆ ਚੁੱਕਿਆ ਸੀ। ਉਹ ਬਗਾਵਤ ਦੀਆਂ ਬਰੂਹਾਂ 'ਤੇ ਖੜ੍ਹਾ ਸੀ। ਉਹਨੂੰ ਸਿਰਫ ਅਗਵਾਈ ਦੀ ਲੋੜ ਸੀ। ਪੰਜਾਬ ਵਿੱਚ ਉਹਨੂੰ ਅਜਿਹੇ ਆਗੂ ਮਿਲ ਗਏ ਜਿਨ੍ਹਾਂ ਨੇ ਸਰਕਾਰੀ/ਸ਼ਾਹੀ ਕਾਫਲਿਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਕ ਵਾਰ ਅਜਿਹਾ ਹੀ ਇਕ ਕਾਫਲਾ ਜਿਸ ਕੋਲ ਕਾਫੀ ਕੀਮਤੀ ਸਮਾਨ ਤੇ ਨਕਦਨਾਮਾ ਸੀ ਇਸ ਇਲਾਕੇ ਵਿੱਚ ਆ ਦਾਖਲ ਹੋਇਆ। ਇਹਦੇ ਉੱਤੇ ਦੁੱਲਾ ਭੱਟੀ ਦੇ ਲਸ਼ਕਰ ਨੇ ਐਨਾ ਜ਼ਬਰਦਸਤ ਹਮਲਾ ਕੀਤਾ ਕਿ ਮੁਗਲ ਲਸ਼ਕਰ ਹੈਰਾਨ ਹੋ ਗਿਆ। ਇਸ ਕਾਫਲੇ ਦਾ ਸਰਦਾਰ ਮੁਗਲ ਦਰਬਾਰੀ ਅਮੀਰ ਬੇਗ ਮਾਨਕੇਰਾ ਸੀ ਜਿਸ ਦਾ ਸਿਰ ਕਲਮ ਕਰਕੇ ਦੁੱਲਾ ਭੱਟੀ ਨੇ ਮੇਦੇ ਖੱਤਰੀ ਦੇ ਹੱਥ ਮੁਗਲ ਦਰਬਾਰ ਵਿੱਚ ਭੇਜ ਦਿੱਤਾ। ਨਾਲ ਈਹ ਸੁਨੇਹਾ ਵੀ ਦੇ ਦਿੱਤਾ ਕਿ ਇਹ ਤੋਹਫਾ ਦੁੱਲੇ ਭੱਟੀ ਵੱਲੋਂ ਹੈ।

ਦੁੱਲਾ ਭੱਟੀ ਸ਼ਾਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਦਾ ਫਰਜ਼ੰਦ ਹੈ। ਬੇਸ਼ੱਕ ਅਕਸਰ ਬਾਦਸ਼ਾਹ ਦੇ ਸਮੇਂ ਦੇ ਲਿਖਤੀ ਰਿਕਾਰਡ ਵਿੱਚ ਇਹਦਾ ਕਿਤੇ ਵੀ ਜ਼ਿਕਰ ਨਹੀਂ, ਅਤੇ ਨਾ ਹੀ ਇਹਦੀ ਸ਼ਹਾਦਤ ਬਾਬਤ ਕੋਈ ਸਬੂਤ ਮਿਲਦੇ ਹਨ ਪ੍ਰੰਤੂ ਲੋਕ ਰਿਵਾਇਤਾਂ ਵਿੱਚ ਇਸ ਘਟਨਾ ਨੂੰ ਲੰਘੀਆਂ ਚਾਰ ਸਦੀਆਂ ਤੋਂ ਲਗਾਤਾਰ ਬਿਆਨ ਕੀਤਾ ਜਾਂਦਾ ਰਿਹਾ ਹੈ। ਮੁਗਲ ਦਰਬਾਰ ਵਾਸਤੇ ਇਹ ਇਕ ਵੰਗਾਰ ਸੀ। ਮਿਰਜ਼ਾ ਨਿਜ਼ਾਮੁਦੀਨ ਨੂੰ ਬਾਰਾਂ ਹਜ਼ਾਰ ਫੌਜ ਅਤੇ ਜੰਗੀ ਸਮਾਨ ਦੇ ਕੇ ਬਾਦਸ਼ਾਹ ਵੱਲੋਂ ਦੁੱਲਾ ਭੱਟੀ ਨੂੰ ਸਖਤੀ ਨਾਲ ਗ੍ਰਿਫਤਾਰ ਕਰਨ ਲਈ ਭੇਜਿਆ ਗਿਆ। ਨਿਜ਼ਾਮੁਦੀਨ ਦੀ ਫੌਜ ਨੇ ਜਦੋਂ ਪਿੰਡੀ ਭੱਟੀਆਂ 'ਤੇ ਹਮਲਾ ਕੀਤਾ ਉਸ ਵਕਤ ਦੁੱਲਾ ਆਪਣੇ ਨਾਨਕੇ ਚਨਿਓਟ ਗਿਆ ਹੋਇਆ ਸੀ। ਇਹਦੀ ਗੈਰ ਹਾਜ਼ਰੀ ਵੇਲੇ ਦੁੱਲਾ ਭੱਟੀ ਦੇ ਬੇਟੇ ਨੂਰ ਖਾਂ ਅਤੇ ਰਿਸ਼ਤੇ ਵਿੱਚੋਂ ਭਰਾ ਲਗਦੇ ਸਰਪੋਸ਼ਤੀ (ਮੇਹਰੂ) ਨੇ ਆਖਰੀ ਦਮ ਤੱਕ ਜੰਗ ਵਿੱਚ ਮੁਕਾਬਲਾ ਕੀਤਾ। ਆਖਰਕਾਰ ਪਿੰਡੀ ਭੱਟੀਆਂ ਵਾਲੇ ਹਾਰ ਗਏ, ਦੁੱਲਾ ਭੱਟੀ ਦੀ ਧੀ ਬਖਤੁਨਿਸ਼ਾ (ਬਖਤੋ) ਮਾਰੀ ਗਈ, ਮਾਂ ਲੱਧੀ ਤੇ ਦੋਨੋਂ ਬੀਵੀਆਂ ਫੁਲਰਾਂ ਅਤੇ ਨੂਰਾਂ ਨਜ਼ਰਬੰਦ ਕਰ ਲਈਆਂ ਗਈਆਂ। ਜਦੋਂ ਇਨ੍ਹਾਂ ਕੈਦੀਆਂ ਨੂੰ ਲਾਹੌਰ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਦੁੱਲੇ ਦੇ ਦੋਸਤ ਰੁੜੇ ਜੱਟ ਨੇ ਇਨ੍ਹਾਂ ਨੂੰ ਦੇਖਿਆ। ਉਹ ਤੇਜ਼ ਰਫਤਾਰ ਘੋੜਾ ਭਜਾ ਕੇ ਚਨਿਓਟ ਜਾ ਪਹੁੰਚਿਆ ਅਤੇ ਦੁੱਲਾ ਭੱਟੀ ਨੂੰ ਸੂਰਤ-ਹਾਲ ਤੋਂ ਜਾਣੂ ਕਰਵਾਇਆ। ਉਹਨੇ ਦੱਸਿਆ ਕਿ ਮੁਗਲਾਂ ਨੇ ਪਿੰਡੀ ਭੱਟੀਆਂ ਨੂੰ ਢਾਹ ਕੇ ਮਿੱਟੀ ਵਿੱਚ ਮਿਲਾ ਦਿੱਤਾ ਹੈ। ਤੇਰੀ ਮਾਂ ਲੱਧੀ ਅਤੇ ਧੀ ਸਲੀਮੋ ਤੇ ਬੇਟੇ ਨੂਰ ਖਾਂ ਨੂੰ ਮੁਗਲ ਫੌਜ ਫੜ ਕੇ ਲੈ ਗਈ ਹੈ। ਉਨ੍ਹਾਂ ਨੇ ਤੇਰੀ ਬਹੂ ਰਾਣੀ ਫੁਲਰਾਂ ਨੂੰ ਵੀ ਬੰਨ੍ਹ ਲਿਆ ਹੈ।

ਇਸ ਦੌਰਾਨ ਮੁਗਲ ਫੌਜ ਕੈਦੀਆਂ ਨੂੰ ਲੈ ਕੇ ਪਿੰਡੀ ਲਾਲ ਖਾਂ ਆ ਗਈ ਅਤੇ ਆਪਣਾ ਡੇਰਾ ਲਾ ਲਿਆ। ਬਾਰ ਦੇ ਇਸ ਸਰਹੱਦੀ ਇਲਾਕੇ ਦੇ ਸਰਦਾਰ ਲਾਲ ਖਾਂ ਦੀ ਜ਼ਮੀਰ ਨੇ ਇਹ ਬਰਦਾਸ਼ਤ ਨਾ ਕੀਤਾ ਕਿ ਦੁੱਲਾ ਭੱਟੀ ਦੇ ਪਰਿਵਾਰ ਦੀਆਂ ਔਰਤਾਂ ਮੁਗਲ ਦਰਬਾਰ ਵਿੱਚ ਜ਼ਲੀਲ ਤੇ ਸ਼ਰਮਿੰਦੀਆਂ ਕੀਤੀਆਂ ਜਾਣ। ਉਹ ਮੁਗਲ ਫੌਜ ਦੇ ਸਾਹਮਣੇ ਡੱਟ ਗਿਆ। ਦੂਜੇ ਪਾਸਿਓਂ ਦੁੱਲਾ ਭੱਟੀ ਵੀ ਲਸ਼ਕਰ ਲੈ ਕੇ ਜੰਗ ਦੇ ਮੈਦਾਨ ਵਿੱਚ ਆ ਪਹੁੰਚਿਆ। ਉਸ ਦੇ ਨਾਲ ਉਹਦੇ ਮਾਮੇ ਰਹਿਮਤ ਖਾਂ ਨੇ ਵੀ ਆਪਣੇ ਘੋੜ ਸਵਾਰ ਭੇਜੇ। ਦੁੱਲਾ ਭੱਟੀ ਨੇ ਜ਼ਬਰਦਸਤ ਜੰਗ ਕੀਤੀ ਜਿਸ ਨਾਲ ਮੁਗਲ ਫੌਜ ਛੋਟੀਆਂ-ਛੋਟੀਆਂ ਟੁਕੜੀਆਂ ਵਿੱਚ ਵੰਡੀ ਗਈ। ਲਗਦਾ ਸੀ ਕਿ ਮਿਰਜ਼ਾ ਨਿਜ਼ਾਮੁਦੀਨ ਦਾ ਸਿਰ ਛੇਤੀ ਹੀ ਧੜ ਨਾਲੋ ਵੱਖ ਹੋ ਜਾਵੇਗਾ ਪਰ ਮਿਰਜ਼ੇ ਨੇ ਬੜੀ ਚਲਾਕੀ ਨਾਲ ਆਪਣਾ ਸਿਰ ਦੁੱਲਾ ਭੱਟੀ ਦੀ ਮਾਂ ਦੇ ਪੈਰਾਂ ਉੱਤੇ ਰੱਖ ਕੇ ਰਹਿਮ ਦੀ ਦਰਖਾਸਤ ਕੀਤੀ। ਦੁੱਲੇ ਭੱਟੀ ਨੇ ਮਾਂ ਦੇ ਆਖਣ 'ਤੇ ਆਪਣੀ ਤਲਵਾਰ ਮਿਆਨ ਵਿੱਚ ਪਾ ਲਈ ਅਤੇ ਇੰਝ ਨਿਜ਼ਾਮੁਦੀਨ ਦੀ ਜਾਨ ਬਖਸ਼ੀ ਗਈ। ਪਰ ਇਸ ਮਕਾਰ ਨੇ ਮੌਕਾ ਮਿਲਦੇ ਹੀ ਖੁਫੀਆ ਫੌਜ ਦੀ ਮੱਦਦ ਨਾਲ ਦੁੱਲੇ ਨੂੰ ਗ੍ਰਿਫਤਾਰ ਕਰ ਲਿਆ। ਇਸ ਮੌਕੇ ਵੀ ਦੁੱਲੇ ਨੇ ਜਵਾਂ ਮਰਦੀ ਵਿਖਾਉਂਦਿਆਂ ਕਈਆਂ ਦੇ ਸਿਰ ਧੜ ਨਾਲੋਂ ਵੱਖ ਕੀਤੇ।

ਆਖਰਕਾਰ ਦੁੱਲੇ ਨੂੰ ਲਾਹੌਰ ਦਰਬਾਰ ਵਿੱਚ ਲਿਜਾਇਆ ਗਿਆ ਅਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ 26 ਮਾਰਚ 1589 ਨੂੰ ਮੁਹੱਲਾ ਨਖਾਸ ਚੌਂਕ (ਲੰਡਾ ਬਾਜ਼ਾਰ) ਦੇ ਨੇੜੇ ਨੌਂ ਲੱਖਾ ਬਜ਼ਾਰ ਵਿੱਚ ਸੂਲੀ ਉੱਤੇ ਟੰਗ ਦਿੱਤਾ ਗਿਆ। ਇਕ ਰਵਾਇਤ ਮੁਤਾਬਿਕ ਜਦੋਂ ਦੁੱਲੇ ਨੂੰ ਸੂਲੀ ਉੱਤੇ ਟੰਗਿਆ ਜਾ ਰਿਹਾ ਸੀ ਤਾਂ ਉਥੇ ਮਸ਼ਹੂਰ ਸੂਫ਼ੀ ਸ਼ਾਹ ਹੁਸੈਨ ਵੀ ਆਏ। ਉਨ੍ਹਾਂ ਨੇ ਝੂਮ ਝੂਮ ਕੇ ਅਜਿਹੀਆਂ ਰਮਜ਼ਾਂ ਭਰੀਆਂ ਕਾਫੀਆਂ ਪੜ੍ਹੀਆਂ ਜੋ ਕਿਆਮਤ ਤੱਕ ਪੱਥਰਾਂ 'ਤੇ ਉਲੀਕੀਆਂ ਗਈਆਂ। ਦੁਲਾ ਭੱਟੀ ਦੀ ਸਾਰੀ ਜੱਦੋ-ਜਹਿਦ ਕਿਸਾਨਾਂ ਉੱਤੇ ਢਾਏ ਜਾਣ ਵਾਲੇ ਜ਼ੁਲਮਾਂ ਤੇ ਜ਼ਬਰਾਂ ਦੇ ਖਿਲਾਫ ਸੀ। ਸਿੱਟਾ ਇਹ ਕਿ ਦੁੱਲਾ ਭੱਟੀ ਪੰਜਾਬ ਦਾ ਇਕ ਅਜਿਹਾ ਕਿਰਦਾਰ ਹੈ ਜਿਸ ਨੇ ਜਾਨ ਵਾਰ ਕੇ ਪੰਜਾਬ ਦੀ ਅਣਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਨਾ ਹੀ ਜ਼ਮਾਨਾ ਇਸ ਨੂੰ ਭੁਲਾ ਸਕਿਆ। ਅੱਜ ਤੱਕ ਜ਼ੁਲਮ ਦੇ ਖਿਲਾਫ ਲੜਨ ਵਾਲਾ ਦੁੱਲਾ ਭੱਟੀ ਪੰਜਾਬੀਆਂ ਦੇ ਜ਼ਹਿਨਾਂ ਵਿੱਚ ਰੋਜ਼ੇ ਰੋਸ਼ਨ ਦੀ ਤਰ੍ਹਾਂ ਕਾਇਮ ਹੈ।

ਦੁੱਲੇ ਭੱਟੀ ਦਾ ਕਿਰਦਾਰ ਸੁੰਦਰ ਮੁੰਦਰੀਏ ਦੀ ਦਾਸਤਾਨ ਦੇ ਹਵਾਲੇ

ਨਾਲ ਵੀ ਇਕ ਗੈਰਤਮੰਦ ਤੇ ਬਹਾਦਰ ਪੰਜਾਬੀ ਦੀ ਗਵਾਹੀ ਦਿੰਦਾ ਹੈ। ਸੁੰਦਰ ਮੁੰਦਰੀ ਗਰੀਬ ਅਤੇ ਜ਼ਰੂਰਤਮੰਦ ਹਿੰਦੂ ਮੂਲ ਚੰਦ ਦੀ ਧੀ ਸੀ। ਉਹ ਪਿੰਡੀ ਭੱਟੀਆਂ ਦੇ ਨੇੜਲੇ ਪਿੰਡ ਕੋਟ ਨੱਕਾ ਦਾ ਰਹਿਣ ਵਾਲਾ ਸੀ। ਉਥੇ ਦੇ ਮੁਸਲਮਾਨ ਜਗੀਰਦਾਰ ਨੇ ਸੁੰਦਰ ਮੁੰਦਰੀ ਨਾਲ ਜ਼ਬਰਦਸਤੀ ਸ਼ਾਦੀ ਕਰਨੀ ਚਾਹੀਦੀ ਤਾਂ ਉਸ ਦਾ ਬਾਪ ਮੂਲ ਚੰਦ ਫਰਿਆਦ ਲੈ ਕੇ ਦੁੱਲੇ ਭੱਟੀ ਕੋਲ ਗਿਆ। ਮੂਲ ਚੰਦ ਨੂੰ ਪਤਾ ਸੀ ਕਿ ਦੁੱਲਾ ਭੱਟੀ ਗਰੀਬਾਂ ਦਾ ਰਖਵਾਲਾ ਹੈ ਅਤੇ ਉਹ ਸਰਕਾਰੀ ਖਜ਼ਾਨੇ ਲੁੱਟ ਕੇ ਗਰੀਬਾਂ, ਮਸਕੀਨਾਂ ਤੇ ਜ਼ਰੂਰਤਮੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਚਾਹੇ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ ਦੁੱਲਾ ਸਭ ਨੂੰ ਇਕੋ ਨਜ਼ਰ ਨਾਲ ਵੇਖਦਾ ਸੀ। ਦੁੱਲਾ ਭੱਟੀ ਨੇ ਮੂਲ ਚੰਦ ਨੂੰ ਤਸੱਲੀ ਦਿੱਤੀ ਤੇ ਕਿਹਾ ਕਿ ਸੁੰਦਰ ਮੁੰਦਰੀ ਤੇਰੀ ਹੀ ਨਹੀਂ ਮੇਰੀ ਵੀ ਧੀ ਹੈ। ਮੈਨੂੰ ਇਹਦਾ ਹਕੀਕੀ ਪਿਓ ਸਮਝ ਤੇ ਮੈਂ ਇਹਦੀ ਸ਼ਾਦੀ ਕਿਸੇ ਚੰਗੇ ਹਿੰਦੂ ਲੜਕੇ ਨਾਲ ਕਰਵਾ ਦੇਵਾਂਗਾ। ਉਹਨੇ ਮੂਲ ਚੰਦ ਨੂੰ ਵਿਦਾ ਕਰਦਿਆਂ ਕਿਹਾ ਕਿ ਮੁਸਲਮਾਨ ਜ਼ਿੰਮੀਦਾਰ ਨੂੰ ਹਾਂ ਕਰਕੇ ਬਰਾਤ ਲਿਆਉਣ ਲਈ ਸੁਨੇਹਾ ਭੇਜ ਦਿਓ। ਮੈਂ ਸ਼ਾਦੀ ਵਾਲੇ ਦਿਨ ਖੁਦ ਉਥੇ ਆਵਾਂਗਾ। ਉਧਰ ਦੁੱਲਾ ਭੱਟੀ ਨੇ ਸਾਂਗਲਾ ਹਿੱਲ ਇਲਾਕੇ ਦੇ ਇਕ ਹਿੰਦੂ ਮੁੰਡੇ ਨਾਲ ਸੁੰਦਰ ਮੁੰਦਰੀ ਦਾ ਰਿਸ਼ਤਾ ਤੈਅ ਕਰਕੇ ਉਨ੍ਹਾਂ ਨੂੰ ਵੀ ਉਸੇ ਦਿਨ ਬਰਾਤ ਲਿਆਉਣ ਲਈ ਆਖ ਦਿੱਤਾ। ਜਦੋਂ ਜ਼ਿੰਮੀਦਾਰ ਸੱਜ ਧੱਜ ਕੇ ਬਰਾਤ ਸਮੇਤ ਮੂਲ ਚੰਦ ਦੇ ਘਰ ਪਹੁੰਚਿਆ ਤਾਂ ਦੁੱਲਾ ਭੱਟੀ ਦੇ ਸ਼ੇਰ ਜਵਾਨਾਂ ਨੇ ਉਹਨੂੰ ਦਬੋਚ ਲਿਆ ਅਤੇ ਸਾਰੇ ਬਰਾਤੀਆਂ ਦੀ ਲੰਮਿਆਂ ਪਾ ਕੇ ਖੂਬ ਛਤਰੌਲ ਕੀਤੀ। ਇੰਨੇ ਨੂੰ ਸਾਂਗਲੇ ਵਾਲਿਆਂ ਦੀ ਬਰਾਤ ਵੀ ਪਹੁੰਚ ਗਈ ਤੇ ਦੁੱਲਾ ਖੁਦ ਵੀ ਆ ਗਿਆ ਜਦ ਮੁੰਡੇ ਕੁੜੀ ਦੇ ਫੇਰੇ ਹੋਣ ਲੱਗੇ ਤਾਂ ਦੁੱਲਾ ਭੱਟੀ ਨੇ ਹਿੰਦੂ ਰੀਤੀ ਰਿਵਾਜ਼ ਮੁਤਾਬਿਕ ਬਾਪ ਦੀ ਜ਼ਿੰਮੇਵਾਰੀ ਨਿਭਾਈ। ਕੁੜੀ ਨੂੰ ਲਾਲ ਰੰਗ ਦਾ ਸਾਲੂ, ਉਹਦੇ ਵਿੱਚ ਗੁੜ ਦੀ ਰੋੜੀ ਰੱਖ ਕੇ ਤੋਹਫੇ ਵਜੋਂ ਦਿੱਤੀ। ਇਹ ਮੰਜ਼ਰ ਉਸ ਵੇਲੇ ਆਪਣੀ ਮਿਸਾਲ ਆਪ ਹੀ ਸੀ। ਪਿੰਡ ਵਾਲਿਆਂ ਨੇ ਤਾਂ ਖੁਦ ਵੇਖਿਆ ਤੇ ਆਲੇ-ਦੁਆਲੇ ਜਦੋਂ ਪਤਾ ਲੱਗਾ ਤਾਂ ਸਾਰੇ ਨੱਚ ਉੱਠ ਕੇ ਗਾਉਣ ਲੱਗੇ। ਉਹ ਭਰ ਸਰਦੀ ਦੇ ਕੜਾਕੇ ਵਾਲੇ ਦਿਨ ਸਨ ਪਰ ਉਨ੍ਹਾਂ ਦੇ ਗੀਤਾਂ ਨੇ ਗਰਮੀ ਪੈਦਾ ਕਰ ਦਿੱਤੀ। ਅੱਜ ਵੀ ਲੋਹੜੀ ਦੇ ਮੌਕੇ ਇਹ ਗੀਤ ਗਾਇਆ ਜਾਂਦਾ ਹੈ।

**ਸੁੰਦਰ ਮੁੰਦਰੀਏ…ਹੋ**
**ਤੇਰਾ ਕੌਣ ਵਿਚਾਰਾ…ਹੋ**
**ਦੁੱਲਾ ਭੱਟੀ ਵਾਲਾ…ਹੋ**
**ਦੁੱਲੇ ਧੀ ਵਿਆਹੀ…ਹੋ**
**ਸ਼ੇਰ ਸ਼ੱਕਰ ਪਾਈ…ਹੋ**

ਜਿਥੋਂ ਤੱਕ ਦੁੱਲਾ ਭੱਟੀ ਦੇ ਖਾਨਦਾਨ ਤੇ ਉਹਦੀ ਔਲਾਦ ਦਾ ਤੁਅੱਲਕ ਹੈ ਉਹ ਖੁਦ ਬਿਜਲੀ ਖਾਂ ਉਰਫ ਸਾਂਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਭੱਟੀ ਦਾ ਪੁੱਤਰ ਸੀ। ਬਿਜਲੀ ਖਾਂ ਹੋਰੀ ਤਿੰਨ ਭਰਾ ਸਨ ਫਤਹਿ ਖਾਂ, ਪਿਰੌਜੇ ਖਾਂ ਤੇ ਰਾਅ ਉਸਮਾਨ ਖਾਂ। ਇਨ੍ਹਾਂ ਵਿੱਚੋਂ ਫਤਹਿ ਖਾਂ ਦੀ ਔਲਾਦ ਪਿੰਡੀ ਭੱਟੀਆਂ ਦੇ ਨਜ਼ਦੀਕੀ ਪਿੰਡ ਫਤਹਿ ਵਿੱਚ ਵੱਸਦੀ ਹੈ, ਰਾਅ ਉਸਮਾਨ ਦੀ ਔਲਾਦ ਨੇ ਪਹਿਲਾਂ ਪਿੰਡ ਠੱਠਾ ਰਾਏ ਆਬਾਦ ਕੀਤਾ। ਪਿੱਛੋਂ ਲਾਹੌਰ ਦੇ ਪਿੰਡ ਮਿਰਖ ਕਲਾਂ, ਮਿਰਖ ਖੁਰਦ ਅਤੇ ਮਿਹਰਵਾਲਾ ਵਿੱਚ ਜਾ ਵੱਸੇ। ਪਿਰੌਜੇ ਦੀ ਔਲਾਦ ਦੁੱਲੇ ਕੀ ਪਿੰਡ ਵਿੱਚ ਆਬਾਦ ਹੈ। ਬਿਜਲੀ ਖਾਂ ਦੇ ਤਿੰਨ ਪੁੱਤਰ ਫਰੀਦ ਖਾਂ, ਪਰਾਣਾ ਅਤੇ ਸ਼ੇਖੂ ਸਨ। ਇਨ੍ਹਾਂ ’ਚੋਂ ਪਰਾਣਾ ਨੇ ਪਿੰਡੀ ਭੱਟੀਆਂ ਦੇ ਚੜ੍ਹਦੇ ਪਾਸੇ ਸੁੱਖੇ ਕੀ ਰੋਡ ਦੇ ਕਰੀਬ ਪਰਾਣੇ ਕੀ ਪਿੰਡ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਸੇ ਪਿੰਡ ਵਿੱਚ ਵਸਦੀ ਹੈ। ਜਦੋਂ ਕਿ ਸ਼ੇਖੂ ਦੇ ਪੰਜ ਬੇਟੇ ਸ਼ਾਹ ਮੁਹੰਮਦ, ਅਲੀ ਸ਼ੇਰ, ਸਾਬੂ, ਅਲਾਵਲ ਤੇ ਕੁਤਬਾ ਦੀਆਂ ਔਲਾਦਾਂ ਪਿੰਡੀ ਭੱਟੀਆਂ ਦੇ ਲਹਿੰਦੇ ਪਾਸੇ ਦੇ ਪਿੰਡ ਸ਼ਾਹ ਮੁਹੰਮਦ, ਮਕਸੂਦਾ, ਚੱਕ ਸਾਬੂ ਅਤੇ ਠੱਠੇ ਕੁਤਬਾ ਵਿੱਚ ਹਨ। ਖੁਦ ਦੁੱਲਾ ਭੱਟੀ ਹੋਰਾਂ ਪੰਜ ਭਰਾ ਸਨ – ਮਾਮੂਦ, ਬੁੱਢਾ, ਬਹਿਲੋਲ, ਸਲਾਰ ਅਤੇ ਆਦਮ। ਇਨ੍ਹਾਂ ’ਚੋਂ ਮਾਮੂਦ ਦੀ ਔਲਾਦ ਪਿੰਡੀ ਭੱਟੀਆਂ ਦੇ ਲਹਿੰਦੇ ਬੰਨੇ ਪਿੰਡਾਂ ਕੰਧਾਂ, ਮਿਰਜ਼ਾ ਭੱਟੀਆਂ ਤੇ ਸ਼ਾਹਪੁਰ ਵਿੱਚ ਹੈ। ਬਹਿਲੋਲ ਨੇ ਪਿੰਡ ਬਹਿਲੋਲ ਵਸਾਇਆ ਅਤੇ ਇਹਦੀਆਂ ਅਗਲੀਆਂ ਪੀੜ੍ਹੀਆਂ ਇਥੇ ਹੀ ਹਨ। ਬੁੱਢਾ ਦੀ ਔਲਾਦ ਪਿੰਡ ਭੱਟੀਆਂ ਦੇ ਆਸ-ਪਾਸ ਰਹਿੰਦੇ ਬੁੱਢੇ ਕੀ ਭੱਟੀ ਅਖਵਾਉਂਦੇ ਹਨ। ਸਲਾਰ ਦੇ ਤਿੰਨ ਬੇਟਿਆਂ ਕਰਮਦਾਦ, ਛੱਤੀ ਕਰਮਦਾਦ, ਚੱਕ ਭੱਟੀ, ਕੋਟ ਦਿਲਾਵਰ, ਸ਼ਾਹਕੋਟੀ ਭੱਟੀ, ਬਾਕਾ ਭੱਟੀ ਦੀਆਂ ਵਸਨੀਕ ਹਨ। ਜਿੱਥੋਂ ਤੱਕ ਦੁੱਲੇ ਭੱਟੀ ਦੀ ਆਪਣੀ ਪੀੜ੍ਹੀ ਦਾ ਤੁਅੱਲਕ ਹੈ ਉਹਦੇ ਬਾਬਤ ਵੱਖ-ਵੱਖ ਵਿਚਾਰ ਹਨ।

ਇਹਦੀ ਬੀਬੀ ਫੁਲਰਾਂ ਦਾ ਪਿਛੋਕੜ ਭੱਟੀ ਕਬੀਲੇ ਦਾ ਸੀ। ਲਕ ਰਵਾਇਤਾਂ ਵਿੱਚ ਦੁੱਲੇ ਦੇ ਤਿੰਨ ਪੁੱਤਰਾਂ ਅਤੇ ਧੀਆਂ ਦਾ ਜ਼ਿਕਰ ਹੈ। ਬੇਟੀਆਂ ਸਲੀਮੋ ਤੇ ਬਖਤੋ (ਬਖਤੁਨਿਸ਼ਾ) ਸਨ। ਬਖਤੋ ਪਿੰਡੀ ਭੱਟੀਆਂ ’ਤੇ ਹਮਲੇ ’ਚ ਮਾਰੀ ਗਈ ਸੀ। ਲੜਕਿਆਂ ’ਚ ਜਹਾਨ ਖਾਂ, ਕਮਾਲ ਖਾਂ ਅਤੇ ਨੂਰ ਖਾਂ ਸਨ। ਦੁੱਲਾ ਭੱਟੀ ਦੀ ਫਾਂਸੀ ਤੋਂ ਪਿੱਛੋਂ ਪਿੰਡੀ ਭੱਟੀਆਂ ਦੇ ਕਿਲੇ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਹਦੀਆਂ ਔਲਾਦਾਂ ਸਰਗੋਧੇ, ਮੰਡੀ ਬਹਾਉਦੀਨ, ਗੁਜਰਾਤ ਤੇ ਭੱਖਰ ਦੇ ਇਲਾਕਿਆਂ ਵਿੱਚ ਮੌਜੂਦ ਹਨ। ਜਹਾਨ ਖਾਂ ਕੁਝ ਅਰਸੇ ਪਿੱਛੋਂ ਪਿੰਡੀ ਭੱਟੀਆਂ ਆ ਗਿਆ ਅਤੇ ਇੱਥੇ ਪਿੰਡ ਦੁੱਲੇ ਕੀ ਮੁੜ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਥੇ ਵੱਸਦੀ ਰਸਦੀ ਹੈ।

**ਪੰਜਾਬੀ ਉਲੱਥਾ : ਡਾ. ਨਿਰਮਲ ਸਿੰਘ**

**ਲੇਖਕ - ਪ੍ਰੋ. ਅਸਲ ਸਲੀਮ ਸ਼ੇਖ ਵਾਇਸ ਪ੍ਰਿੰਸੀਪਲ,**
**ਸਰਕਾਰੀ ਡਿਗਰੀ ਕਾਲਜ, ਪਿੰਡ ਭੱਟੀਆਂ ਜ਼ਿਲ੍ਹਾ ਹਾਫਿਜ਼ਾਬਾਦ-**
**ਲਹਿੰਦਾ ਪੰਜਾਬ, ਪਾਕਿਸਤਾਨ**

**ਸਵਰਗ ਦਾ ਸੁਪਨਾ ਛੱਡ ਦੇ, ਨਰਕ ਦਾ ਡਰ ਛੱਡ ਦੇ, ਕੀ ਪਤਾ ਕੀ ਪਾਪ ਹੈ ਕੀ ਪੁੰਨ ਹੈ। ਬੱਸ ਕਿਸੇ ਦਾ ਦਿਲ ਨਾ ਦੁਖੇ ਆਪਣੇ ਸੁਆਰਥ ਵਿਚ ਬਾਕੀ ਸਭ ਪ੍ਰਮਾਤਮਾ ’ਤੇ ਛੱਡ ਦੇ।**

# ਆਓ ਜਾਣੀਏ !

**ਇੰਜ. ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**

1. ਤ੍ਰਿਭਾਗੀ ਸੰਧੀ 1838 ਵਿਚ ਕੀਤੀ ਗਈ ਸੀ। ਹੇਠ ਲਿਖਿਆਂ ਵਿਚੋਂ ਕੌਣ ਇਸ ਦਾ ਹਿੱਸਾ ਨਹੀਂ ਸੀ?
   (ੳ) ਬ੍ਰਿਟਿਸ਼ ਸਰਕਾਰ (ਅ) ਮਹਾਰਾਜਾ ਰਣਜੀਤ ਸਿੰਘ
   (ੲ) ਦੋਸਤ ਮੁਹੰਮਦ (ਸ) ਸ਼ਾਹ ਸੁਜਾ
2. ਅੰਮ੍ਰਿਤਾ ਪ੍ਰੀਤਮ, ਪਹਿਲੀ ਮਹਿਲਾ ਸੀ ਜਿਸ ਨੂੰ 1956 ਵਿਚ ਸਾਹਿਤ ਅਕਾਦਮੀ ਅਵਾਰਡ ਮਿਲਿਆ ਸੀ। ਇਨ੍ਹਾਂ ਨੂੰ ਹੇਠ ਲਿਖਿਆਂ ਵਿਚੋਂ ਕਿਸ ਸਾਹਿਤਿਕ ਰਚਨਾ ਲਈ ਇਹ ਅਵਾਰਡ ਮਿਲਿਆ ਸੀ?
   (ੳ) ਕਾਗਜ਼ ਤੇ ਕੈਨਵਸ (ਅ) ਸੁਨੇਹੜੇ
   (ੲ) ਕਾਲਾ ਗੁਲਾਬ (ਸ) ਰਸੀਦੀ ਟਿਕਟ
3. 1809 ਦੀ ਲਾਹੌਰ ਸੰਧੀ, ਬ੍ਰਿਟਿਸ਼ ਸਰਕਾਰ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਹੋਈ ਸੀ। ਹੇਠ ਲਿਖਿਆਂ ਵਿਚੋਂ ਕਿਸ ਨੇ ਇਹ ਸੰਧੀ, ਬ੍ਰਿਟਿਸ਼ ਸਰਕਾਰ ਦੀ ਤਰਫੋਂ ਕੀਤੀ ਸੀ?
   (ੳ) ਚਾਰਲਜ਼ ਥਿਓਫਿਲਸ ਮੈਟਕਾਲਫ (ਅ) ਲਾਰਡ ਮਿਨਟੋ
   (ੲ) ਕਰਨਲ ਐਕਟਰਲੋਨੀ (ਸ) ਲਾਰਡ ਵਿਲੀਅਮ ਬੈਨਟਿਕ
4. ਅਮਬੈਸਡਰ ਗੱਡੀ ਮੌਲਿਕ ਤੌਰ 'ਤੇ, ਕਿਸ ਗੱਡੀ ਦੇ ਮਾਡਲ ਤੇ ਆਧਾਰਿਤ ਸੀ?
   (ੳ) ਬੁਗਾਟੀ (ਅ) ਮੈਸਰਟੀ ਬਰਡਕੇਜ
   (ੲ) ਪੋਰਸ਼ (ਸ) ਮੌਰਿਸ ਓਕਸਫੋਰਡ
5. ਹੇਠ ਲਿਖੇ ਖਿਡਾਰੀਆਂ ਵਿਚੋਂ ਕਿਸ ਨੂੰ ਹਰਾ ਕੇ ਮਾਰੀਆ ਸ਼ੈਰਾਪੋਵਾ ਵੱਲੋਂ ਫਰੈਂਚ ਓਪਨ 2014 ਜਿੱਤਿਆ ਗਿਆ ਹੈ?
   (ੳ) ਸੀਮੋਨਾ ਹੈਲੇਪ (ਅ) ਸੀਰੇਨਾ ਵਿਲੀਅਮਜ਼
   (ੲ) ਵੀਨਸ ਵਿਲੀਅਮਜ਼ (ਸ) ਯੁਜੀਨਿ ਬੁਚਾਰਡ
6. ਕਿਊਬੈਕ ਹਾਲ ਵਿਚ ਹੀ ਹੈਲੀਕੋਪਟਰ ਦੀ ਮੱਦਦ ਨਾਲ ਹੋਈ ਜੇਲ੍ਹ ਤੋਂ ਫ਼ਰਾਰੀ ਲਈ ਖ਼ਬਰਾਂ ਵਿਚ ਸੀ। ਹੇਠ ਲਿਖੇ ਦੇਸ਼ਾਂ ਵਿਚੋਂ ਇਹ ਸੂਬਾ ਕਿਸ ਦੇਸ਼ ਵਿਚ ਸਥਿਤ ਹੈ?
   (ੳ) ਯੂ.ਐਸ.ਏ. (ਅ) ਕੈਨੇਡਾ
   (ੲ) ਚਿਲੀ (ਸ) ਇਕੁਆਡੋਰ
7. ਪ੍ਰਸਿੱਧ ਅਭਿਨੇਤਾ ਦਲੀਪ ਕੁਮਾਰ ਦੀ ਜੀਵਨੀ 'ਸਬਸਟਾਂਸ ਐਂਡ ਸ਼ੈਡੋ', ਕਿਸ ਵੱਲੋਂ ਲਿਖੀ ਗਈ ਹੈ?
   (ੳ) ਅਭਿਮਨਯੂ ਦੋਸਾਂਝ (ਅ) ਕੀਰਤ ਪਰਾਸ਼ਰ
   (ੲ) ਸਾਇਰਾ ਬਾਨੂ (ਸ) ਉਦੇ ਤਾਰਾ ਨਾਇਰ
8. ਭਾਰਤ ਦੀ ਪੂਰਨਾ ਮਲਾਵਥ ਨੇ ਵਿਸ਼ਵ ਵਿਚ ਸਭ ਤੋਂ ਛੋਟੀ ਉਮਰ ਦੀ ਲੜਕੀ ਦਾ ਮਾਊਂਟ ਐਵਰੈਸਟ ਤੇ ਚੜ੍ਹਨ ਦਾ ਰਿਕਾਰਡ ਬਣਾਇਆ ਹੈ। ਪੂਰਨਾ ਮਲਾਵਥ, ਹੇਠ ਲਿਖਿਆਂ ਵਿਚੋਂ ਕਿਸ ਰਾਜ ਦੀ ਵਸਨੀਕ ਹੈ?
   (ੳ) ਝਾਰਖੰਡ (ਅ) ਛੱਤੀਸਗੜ੍ਹ
   (ੲ) ਤੇਲੰਗਾਨਾ (ਸ) ਕਰਨਾਟਕ
9. 35ਵੀਂ ਰਾਸ਼ਟਰੀ ਖੇਡਾਂ 2015 ਵਿਚ..........ਵਿਖੇ ਖੇਡੀਆਂ ਜਾ ਰਹੀਆਂ ਹਨ ਅਤੇ......... ਨੂੰ ਇਨ੍ਹਾਂ ਖੇਡਾਂ ਦਾ 'ਗੁੱਡਵਿਲ ਰਾਜਦੂਤ' ਬਣਾਇਆ ਗਿਆ ਹੈ :
   (ੳ) ਕਰਨਾਟਕ, ਸਚਿਨ ਤੰਦੁਲਕਰ (ਅ) ਕੇਰਲ, ਸਚਿਨ ਤੰਦੁਲਕਰ
   (ੲ) ਕੇਰਲ, ਮਿਲਖਾ ਸਿੰਘ (ਸ) ਗੋਆ, ਮਿਲਖਾ ਸਿੰਘ
10. ਹੇਠ ਲਿਖੇ ਸਥਾਨਾਂ ਵਿਚੋਂ, ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ (HBCHRC) ਕਿੱਥੇ ਸਥਾਪਿਤ ਕੀਤਾ ਜਾਵੇਗਾ?
   (ੳ) ਭਵਾਨੀਗੜ੍ਹ, ਸੰਗਰੂਰ (ਅ) ਖੰਨਾ, ਲੁਧਿਆਣਾ
   (ੲ) ਜ਼ੀਰਕਪੁਰ, ਮੋਹਾਲੀ (ਸ) ਮੁੱਲਾਂਪੁਰ ਗਰੀਬਦਾਸ, ਮੋਹਾਲੀ

**(ਉੱਤਰ ਸਫ਼ਾ 40 'ਤੇ)**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ

ਮਾਨਯੋਗ ਪਾਠਕ ਵੀਰ ਜੀ,

ਗੁਰ ਫਤਿਹ ਪ੍ਰਵਾਨ ਕਰਨੀ ਜੀ

ਮੈਂ ਆਪ ਜੀ ਨੂੰ ਮੈਗਜ਼ੀਨ 'ਲੁਬਾਣਾ ਸੇਵਕ' ਸਬੰਧੀ ਬੜੀ ਨਿਮਰਤਾ ਨਾਲ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਇਹ ਰਸਾਲਾ ਬਰਾਦਰੀ ਦੀ ਬਹੁਤ ਹੀ ਸਤਿਕਾਰਯੋਗ ਹਸਤੀ ਮੇਜਰ ਸ਼ਰਮ ਸਿੰਘ ਜੀ ਜਹੂਰਾ ਨੇ ਆਪਣੇ ਪੱਧਰ ਤੇ ਆਪਣੇ ਘਰ ਤੋਂ ਸ਼ੁਰੂ ਕੀਤਾ ਸੀ। ਜੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਹੋਂਦ ਵਿਚ ਆਉਣ ਤੋਂ ਜਲਦੀ ਬਾਅਦ ਹੀ ਇਸ ਰਸਾਲੇ ਨੂੰ ਅਪਣਾ ਕੇ ਫਾਊਂਡੇਸ਼ਨ ਵੱਲੋਂ ਇਸ ਨੂੰ ਲਗਾਤਾਰ ਚਾਲੂ ਰੱਖਣ ਅਤੇ ਛਪਦਾ ਰੱਖਣ ਦਾ ਉਪਰਾਲਾ ਆਪਣੇ ਸਿਰ ਲੈ ਲਿਆ ਸੀ। ਲੁਬਾਣਾ ਸੇਵਕ ਦੇ ਤਕਰੀਬਨ 600 ਲਾਇਫ਼ ਮੈਂਬਰ ਹਨ ਜਿਨ੍ਹਾਂ ਨੇ 1000 ਰੁਪਏ ਦੇ ਕੇ ਆਪਣੀ ਲਾਈਫ਼ ਮੈਂਬਰਸ਼ਿਪ ਹਾਸਲ ਕੀਤੀ ਹੋਈ ਹੈ। ਮੈਗਜ਼ੀਨ ਦੇ ਇਕ ਅੰਕ ਦੀ ਇਕ ਕਾਪੀ ਤੇ ਤਕਰੀਬਨ 40 ਰੁਪਏ ਖਰਚ ਆਉਂਦਾ ਹੈ। ਜਿਸ ਕਾਰਨ ਇਸ ਦਾ ਖਰਚਾ ਉਠਾਉਣਾ ਥੋੜ੍ਹਾ ਮੁਸ਼ਕਿਲ ਬਣਿਆ ਹੋਇਆ ਹੈ। ਭਾਵੇਂ ਕਿ ਹੁਣ ਨਵੇਂ ਲਾਇਫ਼ ਮੈਂਬਰ ਬਨਣ ਲਈ ਫੀਸ 2500 ਰੁਪਏ ਪ੍ਰਤੀ ਮੈਂਬਰ ਕਰਨ ਦੀ ਤਜਵੀਜ਼ ਕਾਰਜਕਾਰਨੀ ਵੱਲੋਂ ਪਾਸ ਕੀਤੀ ਜਾ ਚੁੱਕੀ ਹੈ। ਪ੍ਰੰਤੂ ਜੇਕਰ ਪੁਰਾਣੇ ਲਾਇਫ਼ ਮੈਂਬਰ ਵੀ ਆਪਣੇ ਵੱਲੋਂ ਕੁਝ ਆਰਥਿਕ ਸਹਾਇਤਾ ਜਾਂ ਨਵੀਂ ਤੇ ਪੁਰਾਣੀ ਮੈਂਬਰਸ਼ਿਪ ਦੇ ਫਰਕ ਦੀ ਰਕਮ ਨੂੰ ਫਾਊਂਡੇਸ਼ਨ ਪਾਸ ਜਮ੍ਹਾ ਕਰਵਾਉਣ ਤਾਂ ਮੈਗਜ਼ੀਨ ਚਾਲੂ ਰੱਖਣ ਵਿਚ ਮੈਨੇਜਮੈਂਟ ਦੀ ਕਾਫੀ ਮੱਦਦ ਹੋ ਜਾਵੇਗੀ। ਇਹ ਇਕ ਸੁਝਾਅ ਹੀ ਹੈ, ਜਬਰੀ ਜਾਂ ਜ਼ਰੂਰੀ ਨਹੀਂ ਹੈ। ਕਿਉਂਕਿ ਇਹ ਮੈਗਜ਼ੀਨ ਬਰਾਦਰੀ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਸਾਰੇ ਪਹਿਲੂਆਂ ਤੋਂ ਪਾਠਕਾਂ ਨੂੰ ਜਿੱਥੇ ਜਾਗਰੂਕ ਕਰਦਾ ਹੈ, ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਬਰਾਦਰੀ ਦੇ ਉਥਾਨ ਲਈ ਕੀਤੇ ਕਾਰਜਾਂ ਦੀ ਵੀ ਬਰਾਦਰੀ ਦੇ ਸੂਝਵਾਨ ਮੈਂਬਰਾਂ ਨੂੰ ਜਾਣਕਾਰੀ ਦਿੰਦਾ ਹੈ।

ਆਸ ਕਰਦਾ ਹਾਂ ਕਿ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਲੁਬਾਣਾ ਸੇਵਕ ਮੈਗਜ਼ੀਨ ਚਾਲੂ ਰੱਖਣ ਲਈ ਆਪ ਜੀ ਆਪਣਾ ਬਣਦਾ ਆਰਥਿਕ ਸਹਿਯੋਗ ਜ਼ਰੂਰ ਦੇਵੋਗੇ।

ਧੰਨਵਾਦ

**ਹਰਭਜਨ ਸਿੰਘ**
**ਪ੍ਰਧਾਨ**
**ਬਮਸਲ ਫਾਊਂਡੇਸ਼ਨ ਚੰਡੀਗੜ੍ਹ**

**ਕਹਾਣੀ**

# ਦਿੱਲੀ ਦਾ ਖੁਦਾ

**ਬਚਿੰਤ ਕੌਰ**

ਠੀਕ ਛੇ ਵੱਜ ਕੇ ਪੰਜਾਹ ਮਿੰਟ ਉਤੇ 'ਸੁਪਰਫਾਸਟ' ਟਰੇਨ ਅੰਮ੍ਰਿਤਸਰ ਤੋਂ ਚੱਲ ਕੇ ਬਿਆਸ ਸਟੇਸ਼ਨ ਉਤੇ ਪਹੁੰਚ ਗਈ ਸੀ। ਸਟੇਸ਼ਨ ਉਤੇ ਕੋਈ ਖ਼ਾਸ ਰੌਲਾ-ਰੱਪਾ ਨਹੀਂ ਸੀ। ਵੱਧ ਤੋਂ ਵੱਧ ਵੀਹ, ਪੱਚੀ ਪੈਸਿੰਜਰ ਗੱਡੀ ਵਿੱਚ ਚੜ੍ਹੇ ਹੋਣਗੇ। ਇਥੇ ਗੱਡੀ ਵੀ ਸਿਰਫ਼ ਦੋ ਜਾਂ ਤਿੰਨ ਮਿੰਟ ਹੀ ਰੁਕੀ ਸੀ।

ਬਿਆਸ ਤੋਂ ਜਿਉਂ ਹੀ ਗੱਡੀ ਚੱਲਣ ਲੱਗੀ ਤਾਂ ਮੈਂ ਆਪਣੀ ਆਦਤ ਮੁਤਾਬਿਕ ਪਹਿਲਾਂ ਦਰਿਆ ਦੇ ਪਾਣੀਆਂ ਨੂੰ ਬੜੇ ਉਤਸ਼ਾਹ ਨਾਲ ਤੱਕਿਆ ਫੇਰ ਗੱਡੀ ਦੇ ਦੋਨੋਂ ਤਰਫ਼ ਲਹਿਰਾਉਂਦੇ ਹਰੇ-ਭਰੇ ਖੇਤਾਂ ਉਤੇ ਮੇਰੀ ਨਿਗਾਹ ਦੂਰ-ਦੂਰ ਤੱਕ ਭੱਜਦੀ ਜਿਵੇਂ ਮੇਰੇ ਮਨ ਨੂੰ ਕਿਸੇ ਖਾਸ ਖ਼ੁਸ਼ਬੋਈ ਨਾਲ ਭਰਨ ਲੱਗੀ ਹੋਵੇ।

ਅਚਾਨਕ ਮੇਰੇ ਮਨ ਦੀ ਸਤਹਿ ਉਪਰ ਤੈਰਦਾ ਇਕ ਨਗਮਾ ਮੇਰੇ ਹੋਠਾਂ ਉਤੇ ਮੱਲੋਮੱਲੀ ਆ ਗਿਆ।

ਗੱਡੀ ਜਾਂਦੀ ਏ ਛਲਾਂਗਾ ਮਾਰਦੀ
ਮੈਨੂੰ ਯਾਦ ਆਈ ਮੇਰੇ ਯਾਰ ਦੀ।

ਹੁਣ ਖੇਤਾਂ ਦੀ ਖ਼ੁਸ਼ਬੋਈ ਅਤੇ ਬਾਹਰ ਗੱਡੀ ਦੀ ਰਫ਼ਤਾਰ ਨਾਲ ਭੱਜਦੀਆਂ ਤਾਰਾਂ ਉਤੇ ਬੈਠੇ ਪਰਿੰਦਿਆਂ ਦੀਆਂ ਡਾਰਾਂ ਨੇ ਮੇਰੇ ਮਨ ਨੂੰ ਹੋਰ ਵੀ ਮੋਹ ਲਿਆ ਸੀ। ਹੁਣ ਮੈਂ ਭੱਜ ਕੇ ਉਸ ਕੁੜੀ ਨੂੰ ਆਪਣੀ ਹਿੱਕ ਨਾਲ ਘੁੱਟ ਲੈਣ ਲਈ ਬਹਿਬਲ ਹੋ ਉਠਿਆ ਸੀ ਜਿਸ ਨਾਲ ਪਿੱਛਲੀ ਸੰਗਰਾਂਦ ਵਾਲੇ ਦਿਨ ਮੇਰੀ ਮੰਗਣੀ ਹੋਈ ਸੀ। ਅੱਜ ਮੈਂ ਵਿਆਹ ਵਿੱਚ ਸਹੁਰਿਆਂ ਵੱਲੋਂ ਦਿੱਤੇ ਜਾਣ ਵਾਲੇ ਕੱਪੜਿਆਂ ਦੀ ਖਰੀਦੋ-ਫਰੋਖਤ ਲਈ ਦਿੱਲੀ ਜਾ ਰਿਹਾ ਸੀ। ਮੇਰੀ ਮੰਗੇਤਰ ਕੁੜੀ ਦੀ ਇਹ ਇੱਛਾ ਸੀ ਕਿ ਮੈਂ ਜੋੜੇ ਆਪਣੀ ਪਸੰਦ ਦੇ ਹੀ ਖਰੀਦਾਂ।

ਮੈਂ ਆਪਣੇ ਹੀ ਖਿਆਲਾਂ ਵਿੱਚ ਉਡਿਆ ਆਪਣੀ ਮੰਗੇਤਰ ਦੇ ਨਾਲ-ਨਾਲ ਗੱਲਾਂ ਵਿੱਚ ਰੁਝਿਆ ਮਹਿਕੋ-ਮਹਿਕ ਹੋਇਆ ਪਿਆ ਸੀ ਕਿ ਅਚਾਨਕ ਮੇਰੇ ਕੰਨਾਂ ਵਿੱਚ ਇਕ ਆਵਾਜ਼ ਪਈ। "ਗਰਮਾ-ਗਰਮ ਆਮਲੇਟ ਵੈਜ਼ੀਟੇਬਲ ਆਲੂ ਟਿੱਕੀ।" ਹੁਣ ਤੱਕ ਮੈਨੂੰ ਭੁੱਖ ਵੀ ਲੱਗ ਚੁੱਕੀ ਸੀ। ਇਸੇ ਲਈ ਮੈਂ ਇਕ ਆਮਲੇਟ ਦਾ ਆਡਰ ਦੇ ਦਿੱਤਾ। ਹੁਣ ਤੱਕ ਗੱਡੀ ਜਲੰਧਰ ਸਟੇਸ਼ਨ ਪਾਰ ਕਰ ਚੁੱਕੀ ਸੀ।

ਜਦੋਂ ਨਾਸ਼ਤਾ ਮੇਰੇ ਤੱਕ ਪਹੁੰਚਿਆ ਤਾਂ ਸ਼ਾਇਦ ਫਗਵਾੜਾ ਆ ਗਿਆ ਸੀ।

ਮੈਂ ਆਪਣੇ ਹੱਥਾਂ ਵਿੱਚ ਫੜੇ ਅਖ਼ਬਾਰ ਨੂੰ ਆਪਣੇ ਗੋਡਿਆਂ ਉਤੇ ਖੋਲ੍ਹ ਕੇ ਨਾਸ਼ਤਾ ਕਰਨ ਹੀ ਲੱਗਿਆ ਸੀ ਕਿ ਮੇਰੇ ਪੈਰਾਂ ਕੋਲੋਂ ਮੈਨੂੰ ਕਿਸੇ ਨੇ ਛੋਹਿਆ। ਮੈਂ ਝੁੱਕ ਕੇ ਹੇਠਾਂ ਦੇਖਿਆ ਇਕ ਛੋਟਾ ਜਿਹਾ ਲੜਕਾ ਜਿਸ ਦੇ ਦੋਵੇਂ ਪੈਰ ਕੁਝ ਅਜੀਬ ਤਰ੍ਹਾਂ ਵਿੰਗੇ-ਟੇਢੇ ਸਨ, ਆਪਣੇ ਮੂੰਹ ਤੱਕ ਆਪਣੇ ਹੱਥ ਨੂੰ ਲਿਜਾ ਕੇ ਮੈਥੋਂ ਖਾਣ ਲਈ ਕੁਝ ਮੰਗ ਰਿਹਾ ਸੀ।

ਪਹਿਲਾਂ ਤਾਂ ਮੈਂ ਨਫ਼ਰਤ ਜਿਹੀ ਨਾਲ ਉਸ ਨੂੰ ਝਿੜਕਿਆ ਪਰ ਫੇਰ ਪਤਾ ਨਹੀਂ ਮੇਰੇ ਮਨ ਵਿੱਚ ਕੀ ਆਈ ਮੈਂ ਪੂਰੇ ਦਾ ਪੂਰਾ ਨਾਸ਼ਤਾ ਉਸ ਨੂੰ ਫੜਾ ਦਿੱਤਾ...। ਸੋਚਿਆ ਮੈਂ ਦੁਬਾਰਾ ਮੰਗਵਾ ਲਵਾਂਗਾ। ਉਹ ਵਿੰਗੇ ਟੇਢੇ ਪੈਰਾਂ ਵਾਲਾ ਮੁੰਡਾ ਜਿਸ ਦੀ ਉਮਰ ਮਸਾਂ ਪੰਜ-ਛੇ ਸਾਲ ਹੀ ਹੋਵੇਗੀ ਪਰ੍ਹਾਂ ਨੂੰ ਹੋ ਕੇ ਆਮਲੇਟ ਖਾਣ ਲੱਗ ਪਿਆ।

ਇਹ ਸਭ ਦੇਖ ਮੇਰੇ ਨਾਲ ਵਾਲੀ ਸੀਟ ਉਤੇ ਬੈਠੇ ਇਕ ਭਲੇ ਜਿਹੇ ਪੈਸਿੰਜਰ ਨੇ ਮੈਨੂੰ ਸੰਬੋਧਨ ਕਰਦਿਆਂ ਕਿਹਾ।

"ਬੇਟੇ ਤੈਂ ਇਹ ਕੀ ਕੀਤਾ, ਪੂਰੇ ਦਾ ਪੂਰਾ ਨਾਸ਼ਤਾ ਉਸ ਨੂੰ ਦੇ ਦਿੱਤਾ। ਤੂੰ ਨਹੀਂ ਜਾਣਦਾ ਇਹ ਸਭ ਤਮਾਸ਼ਾ ਕੀ ਹੈ?

ਮੈਂ ਉਸ ਦੀ ਗੱਲ ਨੂੰ ਅਣਗੌਲਿਆ ਕਰਦਿਆਂ ਦੁਬਾਰਾ ਨਾਸ਼ਤੇ ਲਈ ਆਡਰ ਕਰ ਦਿੱਤਾ। ਐਨੇ ਵਿੱਚ ਇਕ ਦਸ ਗਿਆਰਾਂ ਸਾਲ ਦੀ ਮਾੜਚੂ ਜਿਹੀ ਕੁੜੀ ਜਿਸ ਦੇ ਨੰਗੇ ਪੈਰਾਂ ਉਤੇ ਮੈਲ ਦੀਆਂ ਅਣਗਿਣਤ ਪਰਤਾਂ ਜੰਮੀਆਂ ਹੋਈਆਂ ਸਨ, ਸਾਡੇ ਸਾਹਮਣੇ ਆ ਕੇ ਉਚੀ-ਉਚੀ ਇਕ ਫਿਲਮੀ ਗੀਤ ਗਾਉਣ ਲੱਗੀ।

ਮੁੰਨੀ ਬਦਨਾਮ ਹੂਈ ਡਾਰਲਿੰਗ ਤੇਰੇ ਲੀਏ
ਮੈਂ ਝੰਡੂ ਬਾਮ ਹੂਈ ਡਾਰਲਿੰਗ ਤੇਰੇ ਲੀਏ।

ਇਸ ਗੀਤ ਦੇ ਨਾਲ-ਨਾਲ ਉਹ ਘੁੰਮ-ਘੁਮੇਰੀਆਂ ਲਾਉਂਦੀ ਨੱਚ ਵੀ ਰਹੀ ਸੀ। ਉਸ ਦਾ ਇਹ ਨਾਚ ਦੇਖ ਦੋਹੀਂ ਪਾਸੀਂ ਬੈਠੇ ਯਾਤਰੀ ਉਚੀ-ਉਚੀ ਹੱਸਣ ਲੱਗੇ।

ਗੀਤ ਪੂਰਾ ਹੋਣ ਪਿੱਛੋਂ ਉਸ ਨੇ ਆਪਣੀ ਪਾਟੀ ਜਿਹੀ ਚੁੰਨੀ ਦਾ ਪੱਲਾ ਖੈਰਾਤ ਮੰਗਣ ਲਈ ਸਾਡੇ ਸਾਰਿਆਂ ਦੇ ਅੱਗੇ ਪਸਾਰਿਆ ਪਰ ਇਕ ਸਨੁੱਖੀ ਜਿਹੀ ਔਰਤ ਤੋਂ ਬਿਨਾ ਉਸ ਨੂੰ ਕਿਸੇ ਨੇ ਧੇਲਾ ਵੀ ਨਹੀਂ ਸੀ ਦਿੱਤਾ।

ਹੁਣ ਉਹ ਆਪਣੀ ਝੋਲੀ ਇੱਕ ਰੁਪਏ ਦਾ ਇਕੋ-ਇਕ ਸਿੱਕਾ ਪੁਆ ਅੱਗੇ ਵੱਧ ਗਈ। ਉਸ ਦੇ ਪਿੱਛੇ-ਪਿੱਛੇ ਹੀ ਉਹ ਵਿੰਗੇ-ਟੇਢੇ ਪੈਰਾਂ ਵਾਲਾ ਮੁੰਡਾ ਵੀ ਆਪਣੇ ਆਪ ਨੂੰ ਘਸੀਟਦਾ ਉਸ ਦੇ ਨਾਲ ਹੋ ਗਿਆ। ਜਦੋਂ ਇਹ ਦੋਵੇਂ ਇਕ ਦੂਜੇ ਦੇ ਨਜ਼ਦੀਕ ਪਹੁੰਚੇ ਤਾ ਕੁੜੀ ਨੇ ਮੁੰਡੇ ਨੂੰ ਝਿੜਕਦਿਆਂ ਪੁੱਛਿਆ, "ਤੂੰ ਨੇ ਸਾਰਾ ਨਾਸ਼ਤਾ ਇਕੇਲੇ ਹੀ ਕਿਉਂ ਖਾਇਆ?"

ਮੁੰਡਾ ਚੁੱਪ ਸੀ।

ਹੁਣ ਉਹ ਕੁੜੀ ਇਸੇ ਡੱਬੇ ਦੇ ਅਗਲੇ ਹਿੱਸੇ ਵਿੱਚ ਜਾ ਕੇ ਆਪਣਾ ਉਹੀ ਗੀਤ ਗਾਉਣ ਲੱਗ ਪਈ।

ਮੁੰਨੀ ਬਦਨਾਮ ਹੂਈ ਡਾਰਲਿੰਗ ਤੇਰੇ ਲੀਏ

ਮੈਂ ਝੰਡੂ ਬਾਮ ਹੁਈ ਡਾਰਲਿੰਗ ਤੇਰੇ ਲੀਏ।

ਪੰਜ ਸੱਤ ਮਿੰਟ ਉਹ ਗਾਉਂਦੀ ਰਹੀ ਅਤੇ ਗੋਲ-ਗੋਲ ਦਾਇਰਿਆਂ ਵਿੱਚ ਪਹਿਲਾਂ ਵਾਂਗ ਹੀ ਨੱਚਦੀ ਰਹੀ। ਫੇਰ ਉਸ ਨੇ ਇੱਕ-ਇਕ ਪੈਸਿੰਜਰ ਅੱਗੇ ਆਪਣੀ ਚੁੰਨੀ ਦਾ ਪੱਲਾ ਅੱਡ ਕੇ ਭੀਖ ਮੰਗਣੀ ਸ਼ੁਰੂ ਕੀਤੀ ਪਰ ਇੱਥੇ ਕਿਸੇ ਇਕ ਨੇ ਵੀ ਉਸ ਨੂੰ ਕੋਈ ਪੈਸਾ ਧੇਲਾ ਨਹੀਂ ਸੀ ਦਿੱਤਾ। ਇਹ ਸਭ ਦੇਖ ਮੈਂ ਆਪਣੀ ਸੀਟ ਤੋਂ ਉਠਿਆ ਤੇ ਪੰਜ ਰੁਪਏ ਦਾ ਇੱਕ ਸਿੱਕਾ ਆਪਣੀ ਜੇਬ ਵਿੱਚੋਂ ਕੱਢ ਕੇ ਉਸ ਦੀ ਹਥੇਲੀ ਉਤੇ ਰੱਖ ਮੁੜ ਆਪਣੀ ਸੀਟ ਉਤੇ ਆ ਬੈਠਿਆ।

ਗੱਡੀ ਹੁਣ ਤੱਕ ਸਰਹਿੰਦ ਸਟੇਸ਼ਨ ਉਤੇ ਪਹੁੰਚ ਚੁੱਕੀ ਸੀ। ਕਈ ਪੈਸਿੰਜਰ ਹੇਠਾਂ ਉਤਰੇ, ਕਿਸੇ ਨੇ ਕੇਲੇ ਖਰੀਦੇ, ਕਿਸੇ ਨੇ ਸੰਗਤਰੇ...। ਕਈ ਪਾਣੀ ਪੀਣ ਲਈ ਹੀ ਹੇਠਾਂ ਉਤਰੇ ਸਨ। ਜਿਉਂ ਹੀ ਗੱਡੀ ਸਰਹਿੰਦ ਤੋਂ ਚੱਲੀ ਹਵਾ ਦਾ ਇਕ ਬੁੱਲਾ ਡੱਬੇ ਦੇ ਅੰਦਰ ਤੱਕ ਆ ਕੇ ਜਿਵੇਂ ਸਾਰੇ ਹੀ ਯਾਤਰੀਆਂ ਨੂੰ ਰਾਹਤ ਜਿਹੀ ਦੇ ਗਿਆ। ਜੂਨ ਦਾ ਮਹੀਨਾ ਹੋਣ ਕਾਰਨ ਗਰਮੀ ਵੀ ਜੋਬਨ ਉਤੇ ਸੀ।

ਮੇਰੇ ਸਾਹਮਣੇ ਵਾਲੀ ਸੀਟ ਉਤੇ ਬੈਠੀ ਇਕ ਮੁਟਿਆਰ ਦੀ ਗੋਦ ਵਿੱਚ ਲੇਟਿਆ ਦੋ-ਡੂਢ ਸਾਲ ਦਾ ਬੱਚਾ ਉਚੀ-ਉਚੀ ਰੋ ਰਿਹਾ ਸੀ। ਉਸ ਦੀ ਮਾਂ ਕਦੇ ਕੇਲਾ ਛਿਲ ਕੇ ਉਸ ਦੇ ਮੂੰਹ ਵਿੱਚ ਪਾਉਣ ਦੀ ਕੋਸ਼ਿਸ ਕਰਦੀ, ਕਦੇ ਸੰਗਤਰੇ ਦੀ ਫਾੜੀ ਦਾ ਰਸ ਉਸ ਦੇ ਮੂੰਹ ਵਿੱਚ ਲਾਉਂਦੀ ਪਰ ਬੱਚਾ ਰੋਣ ਤੋਂ ਨਾ ਹੀ ਹਟਿਆ।

ਹੁਣ ਸਾਡੇ ਡੱਬੇ ਵਿੱਚ ਦਸ-ਬਾਰਾਂ ਸਾਲ ਦੇ ਦੋ ਗਰੀਬੜੇ ਜਿਹੇ ਮੁੰਡੇ ਚੜ੍ਹ ਆਏ ਸਨ। ਆਉਂਦੇ ਸਾਰ ਦੋਹਾਂ ਨੇ ਆਪਣੇ-ਆਪਣੇ ਅਦਭੁੱਤ ਕਰਤਬ ਦਿਖਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੇ ਕਰਤਬ ਕਿਸੇ ਸਰਕਸ ਦੇ ਜੋਕਰਾਂ ਤੋਂ ਘੱਟ ਨਹੀਂ ਸਨ ਲੱਗ ਰਹੇ।

ਫੇਰ ਇਕ ਜਮੂਰਾ ਬਣਿਆ, ਦੂਜਾ ਪ੍ਰਸ਼ਨ ਕਰਤਾ।

"ਬੋਲ ਜਮੂਰੇ ਜੋ ਮੈਂ ਪੂਛੂੰਗਾ ਬਤਲਾਏਗਾ?"

"ਬਤਲਾਊਂਗਾ।"

"ਤੁਮਾਰਾ ਬਾਪ ਕੌਣ ਹੈ?"

"ਬੰਦਰ।"

"ਤੋ ਤੂੰ ਬੰਦਰ ਕੀ ਔਲਾਦ ਹੈ?"

"ਹਾਂ।"

"ਤੁਮਾਰੀ ਮਾਂ ਕੌਣ ਹੈ?"

"ਜੋ ਤੁਮਾਰੀ ਮਾਂ ਹੈ।"

"ਤੂੰ ਕੌਣ ਹੈ?"

"ਮੈਂ ਖ਼ੁਦਾ ਕਾ ਬੰਦਾ।"

"ਖ਼ੁਦਾ ਕਹਾਂ ਹੈ?"

"ਖ਼ੁਦਾ ਕਹੀ ਵੀ ਨਹੀਂ ਹੈ।"

"ਝੂਠ! ਖ਼ੁਦਾ ਹੈ।"

"ਕਹਾਂ?"

"ਨਵੀਂ ਦਿੱਲੀ ਮੇਂ।"

ਇਸੇ ਤਰ੍ਹਾਂ ਸਵਾਲ ਜਵਾਬ ਕਰਦਿਆਂ ਦੋਹਾਂ ਮੁੰਡਿਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਉਨ੍ਹਾਂ ਦੀ ਝੋਲੀ ਵਿੱਚ ਕਾਫੀ ਸਿੱਕੇ ਆ ਪਏ। ਇਨ੍ਹਾਂ ਦੋਹਾਂ ਦੇ ਅਨੋਖੇ ਕਰਤਬ ਦੇਖਦਿਆਂ-ਦੇਖਦਿਆਂ ਸਾਡੀ ਗੱਡੀ ਅੰਬਾਲੇ ਪਹੁੰਚ ਗਈ ਸੀ। ਇੱਥੇ ਗੱਡੀ ਨੇ ਲੰਮਾ ਚਿਰ ਰੁਕਣਾ ਸੀ। ਇਸੇ ਕਰਕੇ ਇਕ ਵਾਰੀ ਤਾਂ ਪੂਰਾ ਡੱਬਾ ਹੀ ਖਾਲੀ ਲੱਗਣ ਲੱਗਿਆ। ਕੋਈ ਪੈਸਿੰਜਰ ਸਟੇਸ਼ਨ ਉਤੇ ਉਤਰ ਕੇ ਪਾਣੀ ਦੀ ਬੋਤਲ ਭਰ ਰਿਹਾ ਸੀ, ਕੋਈ ਕੋਕਾ-ਕੋਲਾ ਪੀ ਰਿਹਾ ਸੀ। ਕੋਈ ਗਰਮਾ-ਗਰਮ ਪੂਰੀ ਛੋਲੇ ਵਾਲੀ ਰੇਹੜੀ ਦੁਆਲੇ ਹੋ ਗਿਆ। ਲੱਗਦਾ ਸੀ ਇਸ ਸਟੇਸ਼ਨ ਉਤੇ ਆ ਕੇ ਜਿਵੇਂ ਸਾਰੇ ਹੀ ਪੈਸਿੰਜਰ ਆਪਣੀ-ਆਪਣੀ ਪੇਟ ਪੂਜਾ ਕਰਦੇ ਹਨ।

ਹੁਣ ਮੇਰੇ ਡੱਬੇ ਵਿੱਚ ਕੋਈ ਮਾੜਾ ਮੰਗਤਾ ਵੀ ਨਜ਼ਰ ਨਹੀਂ ਸੀ ਆ ਰਿਹਾ। ਮੈਂ ਵੀ ਆਪਣੀ ਸੀਟ ਉਤੇ ਅਖ਼ਬਾਰ ਰੱਖ ਕੇ ਹੇਠਾਂ ਉਤਰਿਆ ਤੇ ਇਕ ਬਿਸਲੇਰੀ ਦੇ ਪਾਣੀ ਦੀ ਬੋਤਲ ਖਰੀਦ ਕੇ ਮੁੜ ਆਪਣੀ ਸੀਟ ਉਤੇ ਆ ਬੈਠਿਆ।

ਹੁਣ ਤੱਕ ਸਾਰੇ ਡੱਬੇ ਵਿੱਚ ਕੂੜਾ ਹੀ ਕੂੜਾ ਭਰ ਗਿਆ ਸੀ। ਸੰਗਤਰੇ ਦੇ ਛਿਲਕੇ, ਗੰਦੇ-ਗੰਦੇ ਕਾਗਜ਼ ਅਤੇ ਅਖ਼ਬਾਰਾਂ ਵਿੱਚ ਲਪੇਟੀਆਂ ਰੋਟੀਆਂ ਵਾਲੇ ਕਾਗਜ਼ ਜੋ ਪੈਸਿੰਜਰਾਂ ਨੇ ਰੋਟੀ ਖਾ ਕੇ ਸੀਟਾਂ ਦੇ ਹੇਠਾਂ ਕਰ ਰੱਖੇ ਸਨ। ਸਾਰਾ ਹੀ ਡੱਬਾ ਜਿਵੇਂ ਹੁਣ ਕੂੜਾਦਾਨ ਲੱਗ ਰਿਹਾ ਸੀ।

ਮੈਂ ਸੋਚ ਰਿਹਾ ਸੀ, ਅੱਗੇ ਨੂੰ ਕਦੇ ਵੀ ਜਰਨਲ ਡੱਬੇ ਵਿੱਚ ਸਫ਼ਰ ਨਹੀਂ ਕਰਾਂਗਾ। ਇੱਥੇ ਤਾਂ ਦੁਨੀਆ ਭਰ ਦਾ ਕੂੜਾ ਕਰਕਟ ਭਰਿਆ ਰਹਿੰਦਾ ਹੈ। ਮੈਨੂੰ ਲੱਗਿਆ ਮਾੜੇ ਮੰਗਤੇ ਵੀ ਅਕਸਰ ਅਜਿਹੇ ਡੱਬਿਆਂ ਵਿੱਚ ਹੀ ਚੜ੍ਹਦੇ ਹਨ। ਗਰਮੀ ਨੇ ਵੀ ਜਿਵੇਂ ਅੱਜ ਹੱਦ ਹੀ ਮੁਕਾ ਦਿੱਤੀ ਸੀ। ਛੱਤ ਉਤੇ ਲੱਗੇ ਪੱਖੇ ਚੱਲ ਜ਼ਰੂਰ ਰਹੇ ਸਨ ਪਰ ਉਨ੍ਹਾਂ ਦੀ ਹਵਾ ਪਤਾ ਨਹੀਂ ਕਿੱਧਰ ਨੂੰ ਜਾ ਰਹੀ ਸੀ।

ਅੱਧਾ ਘੰਟਾ ਗੱਡੀ ਅੰਬਾਲੇ ਸਟੇਸ਼ਨ ਉਤੇ ਖੜ੍ਹੀ ਰਹੀ। ਸ਼ਾਇਦ ਇਸੇ ਲਈ ਹੁਣ ਇਕ ਨਵੀਂ ਮਾੜਚੂ ਜਿਹੀ ਕੁੜੀ ਸਾਡੇ ਡੱਬੇ ਵਿੱਚ ਆਈ ਤੇ ਹੱਥ ਵਿੱਚ ਫੜੇ ਜੂੜੇ (ਝਾੜੂ) ਨਾਲ ਸਾਡਾ ਡੱਬਾ ਸੰਭਰਨ ਲੱਗੀ। ਉਸ ਨੇ ਸੀਟ ਦੇ ਹੇਠਾਂ ਤੱਕ ਡੱਬੇ ਵਿੱਚੋਂ ਢੇਰ ਸਾਰਾ ਕੂੜਾ ਸੰਭਰ ਕੇ ਗੱਡੀ ਦੀ ਲਾਈਨ ਵਿੱਚ ਸੁੱਟ ਦਿੱਤਾ। ਫਿਰ ਉਸ ਨੇ ਡੱਬੇ ਵਿੱਚ ਬੈਠੇ ਇੱਕਾ-ਦੁੱਕਾ ਯਾਤਰੀਆਂ ਕੋਲੋਂ ਭੀਖ ਮੰਗੀ ਪਰ ਮਸਾਂ ਦੋ ਹੀ ਯਾਤਰੀਆਂ ਨੇ ਉਸ ਨੂੰ ਪੈਸੇ ਦਿੱਤੇ।

ਹੁਣ ਮੈਂ ਇਸ ਕੁੜੀ ਬਾਰੇ ਵੀ ਸੋਚੀ ਜਾ ਰਿਹਾ ਸੀ। ਉਸ ਨੇ ਮਿਹਨਤ ਕੀਤੀ ਸੀ। ਇਹ ਬੱਚੇ ਕਿਉਂ ਇਹੋ ਜਿਹਾ ਜੀਵਨ ਜੀਉਣ ਲਈ ਮਜਬੂਰ ਹਨ? ਮੇਰੇ ਜ਼ਿਹਨ ਵਿੱਚ ਹੁਣ ਬਹੁਤ ਸਾਰੇ ਸਵਾਲ ਉਗ ਆਏ ਸਨ। ਗੱਡੀ ਦਾ ਸਿਗਨਲ ਡਾਊਨ ਹੋ ਚੁੱਕਿਆ ਸੀ। ਇੰਨੇ ਵਿੱਚ ਅੱਧਖੜ ਉਮਰ ਦੇ ਦੋ ਹੋਰ ਮੰਗਤੇ ਸਾਡੇ ਡੱਬੇ ਵਿੱਚ ਚੜ੍ਹ ਆਏ। ਜਿਨ੍ਹਾਂ ਵਿੱਚੋਂ ਇਕ ਸੂਰਦਾਸ (ਅੰਨ੍ਹਾ) ਸੀ ਜੋ ਆਪਣੇ ਅੱਗੇ-ਅੱਗੇ ਚੱਲਦੇ ਸੁਜਾਖੇ ਬੰਦੇ ਦਾ ਮੋਢਾ ਫੜ੍ਹ ਕੇ ਵੀ ਟੋਹ-ਟੋਹ ਕੇ ਉਸ ਦੇ ਪਿੱਛੇ-ਪਿੱਛੇ ਤੁਰ ਰਿਹਾ ਸੀ।

ਇਹ ਦੋਵੇਂ ਸਿੱਧੇ ਤੌਰ 'ਤੇ ਤਾਂ ਭੀਖ ਨਹੀਂ ਸਨ ਮੰਗ ਰਹੇ ਪਰ ਤਰਸਯੋਗ ਸ਼ਬਦਾਂ ਰਾਹੀਂ ਇਕ ਭਜਨ-ਨੁਮਾ ਫਿਲਮੀ ਗੀਤ ਗਾਉਂਦੇ,

ਹੌਲੀ-ਹੌਲੀ ਸਾਰੇ ਯਾਤਰੀਆਂ ਦੇ ਕੋਲੋਂ ਹੋ ਕੇ ਲੰਘ ਰਹੇ ਸਨ।

**ਐ ਮਾਲਕ ਤੇਰੇ ਬੰਦੇ ਹਮ**
**ਐਸੇ ਹੋ ਹਮਾਰੇ ਕਰਮ**
**ਨੇਕੀ ਪਰ ਚਲੇਂ**
**ਔਰ ਬਦੀ ਸੇ ਟਲੇਂ**
**ਤਾਂ ਕਿ ਹਸਤੇ ਹੂਏ ਨਿਕਲੇ ਦਮ...**
**ਐ ਮਾਲਕ ਤੇਰੇ ਬੰਦੇ ਹਮ**

**ਹੈ ਹਨੇਰਾ ਘਨਾ ਛਾ ਰਹਾ**
**ਤੇਰਾ ਇਨਸਾਨ ਘਬਰਾ ਰਹਾ**
**ਹੈ ਤੇਰੀ ਰੋਸ਼ਨੀ ਮੇਂ ਜੋ ਦਮ**
**ਤੂੰ ਅਮਾਵਸ ਕੋ ਕਰਦੇ ਪੂਨਮ**
**ਨੇਕੀ ਪਰ ਚਲੇਂ ਔਰ ਬਦੀ ਸੇ ਟਲੇਂ**
**ਤਾਂ ਕਿ ਹੰਸਤੇ ਹੂਏ ਨਿਕਲੇ ਦਮ**
**ਐ ਮਾਲਕ ਤੇਰੇ ਬੰਦੇ ਹਮ...।**

ਇਨ੍ਹਾਂ ਦੋਹਾਂ ਨੇ ਇਹ ਭਜਨ-ਨੁਮਾ ਗੀਤ ਕਾਫੀ ਸੁਰ ਵਿੱਚ ਗਾਇਆ ਸੀ। ਆਵਾਜ਼ ਵੀ ਕਾਫ਼ੀ ਸਾਫ ਸੀ। ਹੁਣ ਜਦੋਂ ਇਨ੍ਹਾਂ ਨੇ ਯਾਤਰੀਆਂ ਮੂਹਰੇ ਆਪਣੀ ਝੋਲੀ ਅੱਡੀ ਤਾਂ ਜਿਵੇਂ ਪੈਸਿਆਂ ਦਾ ਮੀਂਹ ਹੀ ਵਰਨ ਲੱਗ ਪਿਆ। ਸ਼ਾਇਦ ਹੀ ਕੋਈ ਅਜਿਹਾ ਪੈਸਿੰਜਰ ਹੋਵੇਗਾ ਜਿਸ ਨੇ ਇਨ੍ਹਾਂ ਦੀ ਝੋਲੀ ਵਿੱਚ ਕੋਈ ਸਿੱਕਾ ਨਾ ਪਾਇਆ ਹੋਵੇ।

ਇਉਂ ਲੋਕਾਂ ਦੀ ਹਮਦਰਦੀ ਬਟੋਰ ਇਹ ਦੋਵੇਂ ਅਗਲੇ ਸਟੇਸ਼ਨ ਉਤੇ ਸਾਡੇ ਡੱਬੇ ਵਿੱਚੋਂ ਉਤਰ ਗਏ।

ਹੁਣ ਤੱਕ ਗੱਡੀ ਪਾਨੀਪਤ ਪਹੁੰਚ ਚੁੱਕੀ ਸੀ। ਕਈ ਯਾਤਰੀ ਆਪਣਾ-ਆਪਣਾ ਸਮਾਨ ਸੰਭਾਲਣ ਲੱਗ ਪਏ ਸਨ। ਕਈਆਂ ਨੇ ਸਬਜ਼ੀ ਮੰਡੀ ਉਤਰਨਾ ਸੀ। ਉਹ ਵੀ ਉਪਰਲੇ ਫੱਟਿਆਂ ਉਤੇ ਪਏ ਆਪਣੇ ਬੈਗ ਆਦਿ ਹੇਠਾਂ ਉਤਾਰਨ ਲੱਗ ਪਏ ਸਨ।

ਗੱਡੀ ਅੱਜ ਸਮੇਂ ਸਿਰ ਹੀ ਦਿੱਲੀ ਪਹੁੰਚ ਰਹੀ ਸੀ ਜੋ ਅਕਸਰ ਲੇਟ ਹੋ ਜਾਂਦੀ ਹੈ। ਕਿੰਨਾ-ਕਿੰਨਾ ਚਿਰ ਸਬਜ਼ੀ ਮੰਡੀ ਹੀ ਖੜ੍ਹੀ ਰਹਿੰਦੀ ਹੈ।

ਮੈਂ ਮਨ ਹੀ ਮਨ ਬਹੁਤ ਖੁਸ਼ ਸਾਂ। ਆਪਣੀ ਮੰਗੇਤਰ ਨੂੰ ਮਿਲਣ ਦੀ ਚਾਹ ਮੇਰੇ ਦਿਲ ਵਿੱਚ ਤੀਬਰਤਾ ਨਾਲ ਜਾਗ ਉਠੀ ਸੀ। ਮੈਂ ਆਪਣਾ ਬੈਗ ਹੱਥਾਂ ਵਿੱਚ ਸੰਭਾਲੀ ਗੱਡੀ ਦੇ ਨਵੀਂ ਦਿੱਲੀ ਸਟੇਸ਼ਨ ਉਤੇ ਰੁਕਣ ਤੋਂ ਵੀ ਪਹਿਲਾਂ ਡੱਬੇ ਦੇ ਦਰਵਾਜ਼ੇ ਕੋਲ ਆ ਖੜ੍ਹਾ ਹੋਇਆ। ਜਿਉਂ ਹੀ ਗੱਡੀ ਰੁਕੀ ਛਾਲ ਮਾਰ ਕੇ ਹੇਠਾਂ ਉਤਰ ਮੈਂ ਕਾਹਲੀ-ਕਾਹਲੀ ਡਿੰਘਾਂ ਭਰਦਾ ਜਲਦੀ ਹੀ ਪਲੇਟਫਾਰਮ ਤੋਂ ਬਾਹਰ ਸਕੂਟਰ ਸਟੈਂਡ ਦੀ ਲਾਈਨ ਵਿੱਚ ਆ ਲੱਗਿਆ। ਪਰ ਕਤਾਰ ਬਹੁਤ ਲੰਬੀ ਦੇਖ ਮੈਂ ਮਨ ਬਦਲ ਲਿਆ ਤੇ ਝੱਟ ਸਕੂਟਰ ਫੜਨ ਲਈ ਬਾਹਰ ਸੜਕ ਉਤੇ ਆ ਖੜ੍ਹਾ ਹੋਇਆ। ਕਈ ਸਕੂਟਰਾਂ ਵੱਲ ਇਸ਼ਾਰਾ ਕੀਤਾ ਪਰ ਕੋਈ ਵੀ ਹਾਂ ਨਹੀਂ ਸੀ ਕਰ ਰਿਹਾ। ਇਸੇ ਚੱਕਰ ਵਿੱਚ ਮੈਂ ਸਟੇਸ਼ਨ ਤੋਂ ਬਾਹਰ ਕਾਫੀ ਦੂਰ ਤੱਕ ਕਨਾਟ ਪਲੇਸ ਵਾਲੀ ਸੜਕ ਤੱਕ ਆ ਗਿਆ।

ਅਚਾਨਕ ਪਰ੍ਹਾਂ ਸੜਕ ਦੀ ਪੱਟੜੀ ਦੇ ਪਿੱਛੇ ਛੋਟੇ ਜਿਹੇ ਲਾਅਨ ਵਿੱਚ ਖੜ੍ਹੀ ਮੈਨੂੰ ਉਹੀ ਕੁੜੀ ਨਜ਼ਰ ਆਈ ਜੋ ਗੱਡੀ ਵਿੱਚ ਫਿਲਮੀ ਗੀਤ, ਮੁੰਨੀ ਬਦਨਾਮ ਹੁਈ' ਗਾ ਕੇ ਭੀਖ ਮੰਗ ਰਹੀ ਸੀ। ਨਾਲ ਹੀ ਉਹ ਵਿੰਗੇ-ਟੇਡੇ ਪੈਰਾਂ ਵਾਲਾ ਬੱਚਾ ਉਸ ਦੇ ਨਾਲ ਸੀ।

ਮੈਂ ਕੋਲ ਨੂੰ ਜਾਂਦਿਆਂ ਕੁੜੀ ਵੱਲ ਦੇਖਿਆ ਪਰ ਉਸ ਨੇ ਮੂੰਹ ਪਰ੍ਹਾਂ ਨੂੰ ਕਰ ਲਿਆ। ਮੈਂ ਹੋਰ ਉਨ੍ਹਾਂ ਵੱਲ ਨੂੰ ਵਧਿਆ ਤਾਂ ਮੇਰੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਹੀ ਰਹਿ ਗਈਆਂ। ਉਥੇ ਤਾਂ ਹੋਰ ਵੀ ਕਈ ਮੇਲੇ-ਕੁਚੈਲੇ ਜਿਹੇ ਬੱਚੇ ਇਕ ਬੁੱਢੜੀ ਦੇ ਕੋਲ ਨੂੰ ਹੋ ਕੇ ਖੜ੍ਹੇ ਹੋਏ ਸਨ। ਇਹ ਬੁੱਢੀ ਇਨ੍ਹਾਂ ਸਾਰਿਆਂ ਤੋਂ ਭੀਖ ਵਿੱਚ ਮੰਗੇ ਪੈਸੇ ਇਕੱਠੇ ਕਰ ਰਹੀ ਸੀ। ਮੈਂ ਪ੍ਰੇਸ਼ਾਨੀ ਦੀ ਹਾਲਤ ਵਿੱਚ ਸੜਕ ਦੇ ਪਾਰ ਖਾਲੀ ਹੁੰਦੇ ਇਕ ਸਕੂਟਰ ਨੂੰ ਰੁਕਣ ਲਈ ਇਸ਼ਾਰਾ ਕੀਤਾ ਜਿਸ ਵਿੱਚੋਂ ਦੋ ਅੱਧਖੜ੍ਹ ਜਿਹੇ ਪੁਰਸ਼ ਉਤਰ ਰਹੇ ਸਨ। ਇਨ੍ਹਾਂ ਦੋਹਾਂ ਨੂੰ ਚੰਗੀ ਤਰ੍ਹਾਂ ਪਛਾਣਦਿਆਂ ਮੇਰੇ ਪੈਰਾ ਹੇਠੋਂ ਜਿਵੇਂ ਜ਼ਮੀਨ ਹੀ ਖਿਸਕ ਗਈ। ਇਹ ਤਾਂ ਉਹੀ ਦੋ ਭਿਖਾਰੀ ਸਨ ਜਿਨ੍ਹਾਂ ਵਿੱਚੋਂ ਇਕ ਗੱਡੀ ਵਿੱਚ ਸੂਰਦਾਸ ਬਣਿਆ ਹੋਇਆ ਸੀ। ਇਹ ਦੋਵੇਂ ਛੇਤੀ-ਛੇਤੀ ਡਿੰਘਾਂ ਭਰਦੇ ਓਸੇ ਬੁੱਢੀ ਕੋਲ ਪਹੁੰਚੇ ਜੋ ਓਹਲੇ ਜਿਹੇ ਵਿੱਚ ਖੜ੍ਹੀ ਥੋੜ੍ਹਾ ਚਿਰ ਪਹਿਲਾਂ ਬੱਚਿਆਂ ਕੋਲੋਂ ਭਾਨ ਇਕੱਠੀ ਕਰ ਰਹੀ ਸੀ। ਬੁੱਢੀ ਨੇ ਛੇਤੀ ਨਾਲ ਹੱਥਾਂ ਵਿੱਚ ਫੜੀ ਥੈਲੀ ਉਨ੍ਹਾਂ ਦੇ ਹਵਾਲੇ ਕੀਤੀ ਤੇ ਆਪ ਅੱਖ ਦੇ ਫੋਰ ਵਿੱਚ ਪਤਾ ਨਹੀਂ ਕਿੱਧਰ ਅਲੋਪ ਹੋ ਗਈ।

ਇਹ ਸਭ ਦੇਖ ਮੇਰੇ ਮਨ ਵਿੱਚ ਇਕ ਤੂਫ਼ਾਨ ਉਠ ਖੜ੍ਹਾ ਹੋਇਆ। ਹੁਣ ਮੈਂ ਸੋਚ ਰਿਹਾ ਸੀ ਕਿ ਸਕੂਟਰ ਥਾਣੇ ਵੱਲ ਮੋੜਾਂ ਜਾਂ ਫਿਰ ਆਪਣੀ ਮੰਗੇਤਰ ਦੇ ਘਰ ਜਾਵਾਂ। ਮੇਰੀ ਸਮਝ ਵਿੱਚ ਕੁਝ ਨਹੀਂ ਸੀ ਆ ਰਿਹਾ, ਸ਼ਾਇਦ ਇਹ ਬਾਲ ਮਜ਼ਦੂਰੀ ਦਾ ਅਜਿਹਾ ਅਣਛੋਹਿਆ ਪਹਿਲੂ ਹੈ ਜਿਸ ਤੋਂ ਅਸੀਂ ਜਾਣ-ਬੁੱਝ ਕੇ ਅਨਜਾਣ ਬਣੇ ਬੈਠੇ ਹਾਂ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਕੀ ਚੌਥੀ ਵਿਸ਼ਵ ਜੰਗ ਡਾਂਗਾਂ, ਸੋਟਿਆਂ ਅਤੇ ਪੱਥਰਾਂ ਨਾਲ ਲੜੀ ਜਾਏਗੀ?


**ਗੁਰਮੀਤ ਸਿੰਘ ਪਲਾਹੀ**
98158-02070




ਪਹਿਲੀ ਵਿਸ਼ਵ ਜੰਗ ਵਿੱਚ ਮਰਨ ਵਾਲਿਆਂ ਦੀ ਗਿਣਤੀ ਇੱਕ ਕਰੋੜ ਤੋਂ ਵੱਧ ਸੀ, ਜਦਕਿ ਦੂਜੇ ਵਿਸ਼ਵ ਯੁੱਧ ਵਿੱਚ ਸਾਢੇ ਪੰਜ ਕਰੋੜ ਲੋਕ ਮਾਰੇ ਗਏ। ਤਬਾਹੀ ਦਾ ਮੰਜ਼ਿਰ ਇਹੋ ਜਿਹਾ ਕਿ ਇਸ ਜੰਗ 'ਚ ਲਗਭਗ ਸਾਢੇ ਤਿੰਨ ਕਰੋੜ ਜ਼ਖ਼ਮੀ ਹੋਏ ਅਤੇ 1940 ਦੇ ਦਹਾਕੇ 'ਚ ਤੀਹ ਲੱਖ ਲੋਕ ਲਾਪਤਾ ਹੋ ਗਏ ਸਨ। ਧੰਨ ਦੇ ਖ਼ਰਚੇ ਦਾ ਕੋਈ ਹਿਸਾਬ ਨਹੀਂ, ਕੁਦਰਤੀ ਖ਼ਜ਼ਾਨੇ ਦੀ ਤਬਾਹੀ ਦਾ ਤਾਂ ਕੋਈ ਅੰਦਾਜ਼ਾ ਹੀ ਨਹੀਂ ਲਾਇਆ ਕਾ ਸਕਦਾ। ਮਨੁੱਖ ਜਾਤੀ, ਪਸ਼ੂ ਧਨ, ਬਨਸਪਤੀ ਫ਼ਸਲ-ਬਾੜੀ, ਵਾਤਾਵਰਨ ਦਾ ਇੰਨਾ ਨੁਕਸਾਨ ਹੋਇਆ ਕਿ ਦਹਾਕਿਆਂ ਬਾਅਦ ਤੱਕ ਥਾਂ ਸਿਰ ਨਹੀਂ ਹੋ ਸਕਿਆ। ਹੀਰੋਸ਼ੀਮਾ ਨਾਗਾਸਾਕੀ (ਜਪਾਨ) 'ਚ ਸੁੱਟੇ ਪ੍ਰਮਾਣੂ ਬੰਬ ਦੀ ਕਥਾ ਭਿਅੰਕਰ ਤਬਾਹੀ ਤੋਂ ਵੱਖਰੀ ਨਹੀਂ, ਜਿਸ ਤੋਂ ਅਮਨ ਪਸੰਦ ਲੋਕ, ਆਮ ਲੋਕ ਤ੍ਰਾਹ-ਤ੍ਰਾਹ ਕਰ ਉੱਠੇ। ਇਹਨਾ ਜੰਗਾਂ ਦੌਰਾਨ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ। ਗਰੀਬ ਹੋਰ ਗਰੀਬ ਹੋ ਗਏ। ਅਤੇ ਆਮ ਲੋਕਾਂ ਦਾ ਜੀਵਨ ਔਖਾ ਹੋ ਗਿਆ। ਅੱਜ ਵੀ ਰੂਸ-ਯੂਕਰੇਨ ਜੰਗ ਨੇ ਮਹਿੰਗਾਈ ਦੇ ਫਰੰਟ 'ਤੇ ਦੁਨੀਆ ਭਰ 'ਚ ਹਾਹਾਕਾਰ ਮਚਾਈ ਹੋਈ ਹੈ।

**ਇਤਿਹਾਸ 'ਚ ਜੰਗਾਂ** - ਇੱਕ ਵਿਦੇਸ਼ੀ ਇਤਿਹਾਸਕਾਰ ਨੇ ਦੁਨੀਆ ਦੇ ਇਤਿਹਾਸ ਅਤੇ ਜੰਗਾਂ ਦਾ ਅਧਿਐਨ ਕੀਤਾ ਹੈ। ਉਸ ਅਨੁਸਾਰ ਪਿਛਲੇ ਲਗਭਗ ਸਾਢੇ ਤਿੰਨ ਹਜ਼ਾਰ ਸਾਲਾਂ ਵਿੱਚ ਦੋ ਸੌ ਸੱਠ ਸਾਲ ਹੀ ਇਹੋ ਜਿਹੇ ਰਹੇ, ਜਿਹਨਾ ਵਿੱਚ ਕੋਈ ਜੰਗ ਨਹੀਂ ਹੋਈ। ਵਰਨਾ ਦੁਨੀਆ ਆਪਿਸ ਵਿੱਚ ਲੜਦੀ ਰਹੀ। ਰੰਗਭੇਦ ਅਤੇ ਨਸਲ ਭੇਦ ਦੇ ਨਾਮ ਉਤੇ ਦੁਨੀਆ ਵਿੱਚ ਜੰਗਾਂ ਅਤੇ ਘਰੇਲੂ ਜੰਗਾਂ ਹੋਈਆਂ। ਪਰ ਇਹਨਾ ਦਾ ਨਤੀਜਾ ਕੀ ਨਿਕਲਿਆ? ਸਿਰਫ਼ ਜ਼ੀਰੋ। ਫਿਰ ਵੀ ਸਭਿਆ ਕਹੇ ਜਾਣ ਵਾਲੇ ਦੇਸ਼ ਜਾਂ ਭਾਈਚਾਰੇ ਜੰਗ ਕਿਉਂ ਕਰਦੇ ਹਨ?

ਕੈਥੋਲਿਕ ਅਤੇ ਪ੍ਰੋਟੇਸਟੈਂਟ ਭਾਈਚਾਰੇ ਵਿਚਕਾਰ ਸੰਘਰਸ਼ ਹੋਏ। ਸ਼ੀਆ ਅਤੇ ਸੁੰਨੀ ਭਾਈਚਾਰਿਆਂ ਨੇ ਆਪਸ ਵਿੱਚ ਜੰਗ ਲੜੀ। ਲੱਖਾਂ ਲੋਕ ਮਾਰੇ ਗਏ। ਬਾਵਜੂਦ ਇਸਦੇ ਕੋਈ ਵੀ ਭਾਈਚਾਰਾ ਦੂਜੇ ਭਾਈਚਾਰੇ ਨੂੰ ਖ਼ਤਮ ਨਹੀਂ ਕਰ ਸਕਿਆ। ਕੈਥੋਲਿਕ, ਪ੍ਰੋਟੇਸਟੈਂਟ, ਸ਼ੀਆ, ਸੁੰਨੀ ਨੂੰ ਮੰਨਣ ਵਾਲਿਆਂ ਦੀ ਅੱਜ ਵੀ ਕੋਈ ਕਮੀ ਨਹੀਂ। ਜੰਗ ਜਾਂ ਹਿੰਸਾ ਨਾ ਕਿਸੇ ਦੂਜੀ ਵਿਚਾਰਧਾਰਾ ਜਾਂ ਪੰਥ ਨੂੰ ਖ਼ਤਮ ਕਰ ਸਕੀ ਹੈ ਨਾ ਹੀ ਕਰ ਸਕੇਗੀ। ਸਮੇਂ ਦੇ ਹਾਕਮ ਨੇ ਹਿੰਦੂਆਂ ਦੇ ਲੱਖਾਂ ਮਣ ਜੰਜੂ ਲਾਹਕੇ ਉਹਨਾਂ ਦਾ ਧਰਮ ਬਦਲਣਾ ਚਾਹਿਆ, ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਧੜਾਂ ਨਾਲੋਂ ਸਿਰ ਅਲੱਗ ਕਰਕੇ ਉਹਨਾਂ ਨੂੰ ਖ਼ਤਮ ਕਰਨਾ ਚਾਹਿਆ, ਇਥੋਂ ਤੱਕ ਕਿ ਹਰਿਮੰਦਰ ਸਾਹਿਬ 'ਚ ਬਣੇ ਸਰੋਵਰ ਨੂੰ ਤਬਾਹ ਕੀਤਾ ਗਿਆ, ਪਰ ਇਹ ਭਾਈਚਾਰਾ ਅੱਜ ਵੀ ਜੀਉਂਦਾ ਹੈ। ਦੁਨੀਆ ਭਰ 'ਚ ਵੱਧ ਫੁਲ ਰਿਹਾ ਹੈ।

**ਹਿੰਸਾ ਅਤੇ ਜੰਗ** - ਹਿੰਸਾ ਅਤੇ ਜੰਗ ਦੀ ਭਿਆਨਕਤਾ ਤੋਂ ਕੌਣ ਜਾਣੂ ਨਹੀਂ ਹੈ? ਰਾਜਿਆਂ, ਮਹਾਂਰਾਜਿਆਂ ਨੇ ਦੁਨੀਆ ਫਤਿਹ ਕਰਨ ਦੇ ਮੋਹ ਅਤੇ ਆਪਣਾ ਸਮਰਾਜ ਵਧਾਉਣ ਦੀ ਹਵਸ਼ ਨੇ ਕਈ ਵੱਡੀਆਂ ਜੰਗਾਂ ਲੜੀਆਂ। ਇਹਨਾ ਜੰਗਾਂ ਨੇ ਦੁਨੀਆ ਅਤੇ ਦੁਨੀਆ ਦੀਆਂ ਸਭਿਆਤਾਵਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ। ਬਾਵਜੂਦ ਵੱਡਾ ਤਾਕਤਵਰ ਹੋਣ ਦੇ ਇਹ ਸਾਮਰਾਜ ਦੂਜੇ ਰਾਜਾਂ, ਦੇਸ਼ਾਂ, ਸਭਿਆਤਾਵਾਂ ਨੂੰ ਖ਼ਤਮ ਨਹੀਂ ਕਰ ਸਕੇ। ਧਰਮ ਦੇ ਨਾਅ ਉਤੇ ਜਿਹੜੀਆਂ ਜੰਗਾਂ ਹੋਈਆਂ, ਉਹਨਾਂ 'ਚ ਜੇਤੂ ਅਤੇ ਹਾਰਨ ਵਾਲੇ ਪਹਿਲਾਂ ਵੀ ਹੋਂਦ ਵਿੱਚ ਸਨ, ਬਾਅਦ ਵਿੱਚ ਵੀ ਰਹੇ। ਕੋਈ ਇੱਕ ਪੱਖ, ਦੂਜੇ ਪੱਖ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰ ਸਕਿਆ।

ਇੱਕਵੀਂ ਸਦੀ ਦੀਆਂ ਜੰਗਾਂ ਪਹਿਲੀਆਂ ਜੰਗਾਂ ਨਾਲੋਂ ਜ਼ਿਆਦਾ ਵਿਨਾਸ਼ਕਾਰੀ ਹਨ ਅਤੇ ਕਰੂਰਤਾ ਦੀਆਂ ਸਾਰੀਆਂ ਹੱਦਾਂ ਲੰਘ ਰਹੀਆਂ ਹਨ। ਪ੍ਰਾਚੀਨ ਕਾਲ ਦੀਆਂ ਲੜਾਈਆਂ 'ਚ ਇੱਕ ਅਣਲਿਖਤ ਮਰਿਆਦਾ ਸੀ, ਉਹ ਇਹ ਕਿ ਸ਼ਾਮ ਢਲਣ 'ਤੇ ਜੰਗ ਬੰਦ ਕਰ ਦਿੱਤੀ ਜਾਂਦੀ ਸੀ। ਇਹ ਜੰਗ ਸੈਨਿਕਾਂ ਵਿਚਾਰ ਹਥਿਆਰਾਂ ਨਾਲ ਲੜੀ ਜਾਂਦੀ ਸੀ, ਪਰ ਆਮ ਨਗਰਿਕਾਂ ਦਾ ਉਹਨਾਂ ਦੀ ਜਾਨ-ਮਾਲ ਦਾ ਕੋਈ ਨੁਕਸਾਨ ਨਹੀਂ ਸੀ ਹੁੰਦਾ।

**ਆਰਥਿਕ ਲੁਟੇਰੇ** - ਵਿਦੇਸ਼ੀ ਮੁਗਲ ਹਮਲਾਵਰ ਜੋ ਅਸਲ ਵਿੱਚ ਆਰਥਿਕ ਲੁਟੇਰੇ ਸਨ, ਉਹਨਾਂ ਨੇ ਇਸ ਪਰੰਪਰਾ ਨੂੰ ਤੋੜਿਆ। ਚੰਗੇਜ ਖਾਂ ਨੇ ਦਿੱਲੀ 'ਤੇ ਕਬਜ਼ਾ ਕੀਤਾ। ਲੱਖਾਂ ਲੋਕਾਂ ਨੂੰ ਮਾਰਿਆ, ਤਬਾਹ ਕੀਤਾ। ਨਿਹੱਥੀ ਜਨਤਾ ਨੂੰ ਬੇਇੰਤਹਾ ਲੁੱਟਿਆ। ਦੂਜੀ ਵਿਸ਼ਵ ਜੰਗ ਵਿੱਚ ਦੁਸ਼ਮਣ ਰਾਸ਼ਟਰਾਂ ਨੂੰ ਹਰਾਉਣ ਲਈ, ਆਪਣੇ ਹਿਮਾਇਤੀ ਰਾਸ਼ਟਰਾਂ ਦੀ ਸਹਿਮਤੀ ਨਾਲ ਅਮਰੀਕਾ ਨੇ ਜਪਾਨ ਉਤੇ ਪ੍ਰਮਾਣੂ ਬੰਬ ਸੁੱਟੇ ਅਤੇ ਹੀਰੋਸ਼ੀਮਾ, ਨਾਗਾਸਾਕੀ ਸ਼ਹਿਰਾਂ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਰੱਖ ਦਿੱਤਾ ਅਤੇ ਹਿਟਲਰੀ ਨਾਜੀ ਸੈਨਾਵਾਂ ਦੇ ਮਨੋਬਲ ਨੂੰ ਤੋੜਕੇ ਲੜਾਈ ਜਿੱਤੀ। ਮੌਜੂਦਾ ਸਮੇਂ ਰੂਸ ਤੇ ਯੂਕਰੇਨ ਜੰਗ 'ਚ ਜੋ ਕੁਝ ਵੇਖਣ ਨੂੰ ਮਿਲ ਰਿਹਾ ਹੈ, ਉਹ ਮਨੁੱਖ ਦੀ ਦਰਿਦਰਤਾ ਦੀ ਭਿਅੰਕਰ ਤਸਵੀਰ ਹੈ। ਇਸ ਲੜਾਈ 'ਚ ਮਾਡਰਨ ਜੰਗੀ ਹਥਿਆਰਾਂ ਦੀ ਵਰਤੋਂ ਨਿਹੱਥੇ ਨਾਗਰਿਕਾਂ ਉੱਤੇ ਕੀਤੀ ਜਾ ਰਹੀ ਹੈ। ਯੂਕਰੇਨ ਦੇ 50 ਲੱਖ ਤੋਂ ਵੱਧ ਲੋਕ ਆਪਣੇ ਘਰ ਛੱਡਣ ਲਈ ਮਜ਼ਬੂਰ ਹੋ ਚੁੱਕੇ ਹਨ, ਸ਼ਰਨਾਰਥੀ ਜੀਵਨ ਜੀਅ ਰਹੇ ਹਨ। ਹਜ਼ਾਰਾਂ ਲੋਕ

ਜਿਹਨਾਂ 'ਚ ਬੱਚੇ ਵੀ ਸ਼ਾਮਲ ਹਨ, ਮਾਰੇ ਜਾ ਚੁੱਕੇ ਹਨ। ਰਿਹਾਇਸ਼ੀ ਇਮਾਰਤਾਂ ਢਹਿ ਢੇਰੀ ਕਰ ਦਿੱਤੀਆਂ ਗਈਆਂ ਹਨ, ਸਕੂਲਾਂ, ਹਸਪਤਾਲਾਂ ਉਤੇ ਬੰਬ ਸੁੱਟੇ ਜਾ ਰਹੇ ਹਨ। ਇਹ ਲੜਾਈ ਲੰਮੀ ਹੁੰਦੀ ਜਾ ਰਹੀ ਹੈ। ਇਸਦੀ ਪੀੜਾ ਸਮੁੱਚੀ ਮਾਨਵਤਾ ਨੂੰ ਝੱਲਣੀ ਪੈ ਰਹੀ ਹੈ। ਅਸਲ ਲੜਾਈ ਤਾਂ ਨਾਟੋ ਦੇਸ਼ਾਂ ਅਤੇ ਰੂਸ ਦੀ ਹੈ, ਇੱਕ ਦੂਜੇ ਤੋਂ ਵੱਡਾ "ਥਾਣੇਦਾਰ" ਕਹਾਉਣ ਦੀ, ਦਬਦਬਾ ਵਧਾਉਣ ਦੀ, ਪਰ ਨਿਰਦੋਸ਼ ਲੋਕਾਂ ਦਾ ਕੀ ਕਸੂਰ? ਆਮ ਲੋਕਾਂ ਤਾਂ ਇਹ ਸਮਝ ਹੀ ਨਹੀਂ ਸਕੇ ਕਿ ਇਹ ਜੰਗ ਆਖ਼ਰ ਕਿਸ ਲਈ ਹੋ ਰਹੀ ਹੈ? ਇਸ ਤੋਂ ਵੀ ਵੱਡਾ ਸਵਾਲ ਹੋਰ ਹੈ, ਜਿਸਦੀ ਚਰਚਾ ਕਰਨੀ ਬਣਦੀ ਹੈ:

ਦੁਨੀਆ ਭਰ 'ਚ ਜੰਗਾਂ 17ਵੀਂ ਸਦੀ ਦੇ ਅੱਧ ਤੱਕ ਆਮ ਤੌਰ 'ਤੇ "ਧਰਮਾਂ" ਦੀ ਸਰਬ ਸ੍ਰੇਸ਼ਟਤਾ ਲਈ ਹੋਈਆਂ। ਫਰਾਂਸ ਦੇ ਇਨਕਲਾਬ ਤੋਂ ਬਾਅਦ ਰਾਜ ਸੱਤਾ ਹਥਿਆਉਣ ਅਤੇ ਰਾਸ਼ਟਰਾਂ ਦੀ ਪ੍ਰਭੂਸਤਾ ਅਤੇ ਸ੍ਰੇਸ਼ਟਤਾ ਲਈ ਲੜਾਈਆਂ ਲੜੀਆਂ ਗਈਆਂ। ਫਿਰ ਜੰਗਾਂ ਦਾ ਰੁਖ ਅਤੇ ਸਰੂਪ ਬਦਲਿਆ, ਜਿਸ ਬਾਰੇ ਦੁਨੀਆ ਦਾ ਵੱਡਾ ਸਾਇੰਸਦਾਨ ਅਲਵਰਟ ਆਈਨਸਟਾਈਨ ਕਹਿੰਦਾ ਹੈ, "ਮੈਂ ਹੁਣ ਤੱਕ ਉਹਨਾਂ ਜੰਗਾਂ ਦੀ ਗੱਲ ਕੀਤੀ ਹੈ ਜੋ ਵਿਸ਼ਵ ਭਰ 'ਚ ਕੁਝ ਰਾਸ਼ਟਰਾਂ ਦੀਆਂ ਆਪਸੀ ਰੰਜਿਸ਼ਾਂ ਕਾਰਨ ਹੋਈਆਂ ਹਨ। ਪਰ ਹੁਣ ਦੇ ਸਮੇਂ 'ਚ ਇਹ ਜੰਗ, ਪਿਛਲੇ ਸਮਿਆਂ ਵਾਂਗਰ, ਘੱਟ ਗਿਣਤੀਆਂ ਨਾਲ ਵੀ ਦਿਖਵੇਂ, ਅਣਦਿਖਵੇਂ ਢੰਗ ਨਾਲ ਹੋ ਰਹੀਆਂ ਹਨ, ਜੋ ਅੱਗੋਂ ਗ੍ਰਹਿ-ਯੁੱਧ ਦਾ ਰੂਪ ਧਾਰਨਗੇ। ਇਹ ਜੰਗਾਂ ਬਹੁਤ ਹੀ ਕਰੂਰਤਾ ਭਰੀਆਂ ਅਤੇ ਜ਼ਾਲਮਾਨਾ ਹਨ"।

**ਘੱਟ ਗਿਣਤੀਆਂ ਉੱਤੇ ਜ਼ੁਲਮ** - ਬਹੁ ਗਿਣਤੀ ਵਲੋਂ ਘੱਟ ਗਿਣਤੀਆਂ ਉੱਤੇ ਕੀਤੇ ਜਾ ਰਹੇ ਜ਼ੁਲਮ ਭਾਵੇਂ ਉਹ ਪਾਕਿਸਤਾਨ ਵਿੱਚ ਹਨ, ਜਾਂ ਭਾਰਤ ਵਿੱਚ ਜਾਂ ਫਿਰ ਏਸ਼ੀਆ ਦੇ ਹੋਰ ਕਈ ਮੁਲਕਾਂ 'ਚ ਜਾਂ ਵਿਸ਼ਵ ਦੇ ਹੋਰ ਭਾਗਾਂ 'ਚ ਜਿਥੇ ਬਹੁਲਤਾ ਫਿਰਕੂ ਦੇ "ਲੋਕ ਬਾਦਸ਼ਾਹ" ਘੱਟ ਗਿਣਤੀਆਂ ਨੂੰ ਦੋ ਨੰਬਰ ਦੇ ਸ਼ਹਿਰੀ ਕਹਿੰਦੇ ਹਨ ਅਤੇ ਉਹੋ ਜਿਹਾ ਹੀ ਵਿਵਹਾਰ ਕਰਦੇ ਹਨ। ਉਹਨਾਂ ਨੂੰ ਉਹਨਾਂ ਦੇ ਮਿਲੇ ਸੰਵਿਧਾਨਿਕ ਹੱਕਾਂ ਤੋਂ ਬਾਂਝੇ ਰੱਖਦੇ ਹਨ। ਇਹ ਜੰਗ ਦਾ ਅੱਜ ਦੇ ਸਮੇਂ ਦਾ ਭਿਅੰਕਰ ਸੱਚ ਅਤੇ ਪਹਿਲੂ ਹੈ, ਜੋ ਮਨੁੱਖ ਨੂੰ ਅਣਦਿਖਵੀਂ ਜੰਗ ਦੀ ਪੀੜਾ ਸਹਿਣ ਲਈ ਮਜ਼ਬੂਰ ਕਰਦਾ ਹੈ। ਹਾਕਮ ਜਿਸ ਲਈ "ਜਿਸਦੀ ਲਾਠੀ ਉਸਕੀ ਭੈਂਸ" ਦਾ ਸਿਧਾਂਤ ਸ੍ਰੇਸ਼ਟ ਹੈ, ਨੂੰ ਇਹ ਜੰਗ "ਕੁਰਸੀ, ਤਾਕਤ, ਹੈਂਕੜ" ਬਖ਼ਸ਼ਦੀ ਹੈ। ਜਿਵੇਂ ਕਿ ਇਹ ਭਾਰਤ ਵਿੱਚ ਦੇਖਣ ਨੂੰ ਮਿਲ ਰਿਹਾ ਹੈ।

ਜੰਗ, ਭਾਵੇਂ ਗ੍ਰਹਿ ਯੁੱਧ ਹੈ। ਜੰਗ, ਭਾਵੇਂ ਰਾਸ਼ਟਰ ਦਾ ਆਪਸ ਵਿੱਚ ਹੈ। ਜੰਗ, ਭਾਵੇਂ ਘੱਟ ਗਿਣਤੀਆਂ ਨੂੰ ਤਹਿਸ਼-ਨਹਿਸ਼ ਕਰਨ ਵਾਲੀ ਇੱਕ ਪਾਸੜ ਹੈ। ਮਨੁੱਖ ਦੇ ਮੱਥੇ ਉਤੇ ਕਲੰਕ ਹੈ। ਜੰਗ ਦੀ ਇਸ ਮਨੁੱਖੀ ਵਿਰਤੀ ਨੂੰ ਰੋਕਣ ਲਈ ਸਮੇਂ-ਸਮੇਂ ਵਿਚਾਰਵਾਨਾਂ, ਅਮਨ ਪਸੰਦ ਅਤੇ ਮਨੁੱਖ ਅਧਿਕਾਰਾਂ ਦੇ ਹਾਮੀ ਲੋਕਾਂ ਵਲੋਂ ਵੱਡੇ ਯਤਨ ਹੋਏ ਹਨ, ਪਰ ਨਾਜੀ, ਡਿਕਟੇਟਰਾਨਾ ਰੁਚੀਆਂ ਵਾਲੇ ਹਾਕਮ ਇਹਨਾ ਯਤਨਾਂ ਨੂੰ ਤਰਪੀਡੋ ਕਰਦੇ ਰਹੇ ਹਨ ਅਤੇ ਹੁਣ ਵੀ ਕਰ ਰਹੇ ਹਨ।

ਦੁਨੀਆ ਦੇ ਰਾਸ਼ਟਰਾਂ ਨੇ ਲੀਗ ਆਫ਼ ਨੇਸ਼ਨਜ਼ ਅਤੇ ਸੰਯੁਕਤ ਰਾਸ਼ਟਰ ਸੰਘ ਨੇ ਵੀ ਜੰਗ ਦੇ ਲਈ ਚਾਰਟਰ ਬਣਾਇਆ ਸੀ ਅਤੇ ਨਿਯਮ ਤਹਿ ਕੀਤੇ ਸਨ ਪਰ ਕਿਉਂਕਿ ਸੰਯੁਕਤ ਰਾਸ਼ਟਰ ਸੰਘ ਕੋਲ ਆਪਣੀ ਕੋਈ ਤਾਕਤ ਨਹੀਂ ਹੈ ਅਤੇ ਆਰਥਿਕ ਮਾਮਲਿਆਂ ਉੱਤੇ ਉਹ ਵੱਡੇ ਦੇਸ਼ਾਂ ਉੱਤੇ ਹੀ ਨਿਰਭਰ ਕਰਦੀ ਹੈ, ਇਸ ਲਈ ਉਸ ਵਲੋਂ ਨਿਰਧਾਰਤ ਅਤੇ ਪ੍ਰਵਾਨਿਤ ਮਾਪ ਦੰਡ ਕਮਜ਼ੋਰ ਦੇਸ਼ਾਂ ਉਤੇ ਹੀ ਲਾਗੂ ਹੋ ਜਾਂਦੇ ਹਨ, ਪਰ ਤਾਕਤਵਰ ਦੇਸ਼ ਇਹਨਾਂ ਨਿਯਮਾਂ ਨੂੰ ਨਹੀਂ ਮੰਨਦੇ। ਕੁਲ ਮਿਲਾ ਕੇ ਇਹ ਸਪੱਸ਼ਟ ਹੈ ਕਿ ਇਹ ਵਿਸ਼ਵ ਪੱਧਰੀ ਸੰਸਥਾਵਾਂ ਵੱਡੀਆਂ ਤਾਕਤਾਂ ਦੀਆਂ ਪਿੱਛਲੱਗੂ ਬਣ ਕੇ ਰਹਿ ਗਈਆਂ ਹਨ।

**ਜੰਗਾਂ ਤੇ ਖਰਚ** - ਦੁਨੀਆ ਦਾ ਜਿੰਨਾ ਪੈਸਾ ਜੰਗਾਂ ਉੱਤੇ ਹੁਣ ਤੱਕ ਖ਼ਰਚ ਹੋਇਆ ਹੈ, ਉਸਦੀ ਗਿਣਤੀ-ਮਿਣਤੀ ਜੇਕਰ ਕੀਤੀ ਜਾਵੇ ਤਾਂ ਉਨੇ ਪੈਸੇ ਨਾਲ ਇੱਕ ਨਹੀਂ ਕਈ ਦੁਨੀਆ ਖੜ੍ਹੀਆਂ ਹੋ ਸਕਦੀਆਂ ਹਨ।

ਦੁਨੀਆ ਨੂੰ ਜੰਗਾਂ-ਯੁੱਧਾਂ, ਵਿਵਾਦਾਂ ਅਤੇ ਆਰਥਿਕ ਸੋਸ਼ਣ ਤੋਂ ਮੁਕਤੀ ਲਈ ਨਵਾਂ ਰਸਤਾ ਲੱਭਣਾ ਪਵੇਗਾ। ਨਹੀਂ ਤਾਂ ਮਨੁੱਖਤਾ ਦਾ ਸਰਵਨਾਸ਼ ਦੇਰ-ਸਵੇਰ ਨਿਸ਼ਚਿਤ ਹੈ, ਜਿਸ ਬਾਰੇ ਵਿਗਿਆਨਿਕ ਅਲਬਰਟ ਆਈਸਟਾਈਨ ਪਹਿਲਾਂ ਹੀ ਚਿਤਾਵਨੀ ਦੇ ਗਏ ਹਨ, "ਮੈਂ ਜਾਣਦਾ ਹਾਂ ਕਿ ਤੀਜਾ ਵਿਸ਼ਵ ਯੁੱਧ ਕਿਹਨਾ ਹਥਿਆਰਾਂ ਨਾਲ ਲੜਿਆ ਜਾਏਗਾ, ਪਰ ਮੈਂ ਇਹ ਵੀ ਜਾਣਦਾ ਹਾਂ ਕਿ ਚੌਥਾ ਵਿਸ਼ਵ ਯੁੱਧ ਡਾਂਗਾਂ, ਸੋਟਿਆਂ ਅਤੇ ਪੱਥਰਾਂ ਨਾਲ ਲੜਿਆ ਜਾਏਗਾ"।


ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਭਰੂਣ ਹੱਤਿਆ ਸਮਾਜ ਲਈ ਕਲੰਕ

**ਸੁਖਜੀਤ ਸਿੰਘ**

ਜੇਕਰ ਇਸ ਧਰਤੀ ਉੱਤੇ ਔਰਤ ਨਾ ਹੁੰਦੀ ਤਾਂ ਇਹ ਧਰਤੀ ਕਦੇ ਵੀ ਏਨੀ ਖੂਬਸੂਰਤ ਨਾ ਹੁੰਦੀ। ਔਰਤ, ਮਨੁੱਖੀ ਜ਼ਿੰਦਗੀ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਘਰ ਪਰਿਵਾਰ ਦੀ ਸਿਰਜਣਾ ਵਿਚ ਔਰਤ ਦੀ ਸੂਹਜਮਈ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਆਪਣੀ ਮਿਹਨਤ ਤੇ ਲਗਨ ਨਾਲ ਜ਼ਿੰਦਗੀ ਦੇ ਹਰ ਖੇਤਰ ਵਿਚ ਔਰਤ ਮਰਦਾਂ ਤੋਂ ਵੱਧ ਸਮਰੱਥਾ ਰੱਖਦੀ ਹੈ। ਇਸ ਧਰਤੀ ਉੱਤੇ ਅੱਧੀ ਅਬਾਦੀ ਔਰਤਾਂ ਦੀ ਹੈ, ਇਸ ਕਰਕੇ ਉਨ੍ਹਾਂ ਦੀ ਹੈਸੀਅਤ ਨੂੰ ਅੱਖੋਂ ਪਰੋਖੇ ਕਰਨਾ ਸੱਚਾਈ ਤੋਂ ਅੱਖਾਂ ਬੰਦ ਕਰਨ ਦੇ ਬਰਾਬਰ ਹੈ।

ਸਮਾਜ ਵਿਚ ਕੁੜੀਆਂ ਦਾ ਘਟ ਰਿਹਾ ਅਨੁਪਾਤ ਡੂੰਘੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਭਰੂਣ ਹੱਤਿਆ ਦਾ ਵਰਤਾਰਾ ਆਪਣੇ ਆਪ ਨੂੰ 'ਸੱਭਿਅਕ' ਕਹਾਉਂਦੇ ਸਮਾਜ ਦੇ ਮੱਥੇ ਉੱਤੇ ਬਦਨੁਮਾ ਦਾਗ ਬਣ ਗਿਆ ਹੈ। ਭਾਵੇਂ ਭਾਰਤੀ ਸਮਾਜ ਵਿਚ ਕੁੜੀਆਂ ਨੂੰ ਜਨਮ ਦਿੰਦੇ ਸਾਰ ਹੀ ਮਾਰ ਦੇਣ ਦਾ ਘਿਨਾਉਣਾ ਵਰਤਾਰਾ ਨਵਾਂ ਨਹੀਂ ਹੈ ਪਰ ਅਜੋਕਾ 'ਪੜ੍ਹਿਆ-ਲਿਖਿਆ' ਮਨੁੱਖ ਏਨਾ 'ਅਗਾਂਹਵਧੂ' ਹੋ ਗਿਆ ਹੈ ਕਿ ਉਹ ਮਾਸੂਮ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ, ਕੁੱਖ ਵਿਚ ਹੀ ਕਤਲ ਕਰਾਉਣ ਲੱਗ ਪਿਆ ਹੈ। ਗੁਰੂਆਂ ਦੀ ਚਰਨਛੋਹ ਪ੍ਰਾਪਤ ਪੰਜ-ਪਾਣੀਆਂ ਦੀ ਇਸ ਧਰਤੀ ਉੱਤੇ ਮਾਸੂਮ ਬਾਲੜੀਆਂ ਦੀ ਸੰਖਿਆ ਸ਼ਰਮਸਾਰ ਹੋਣ ਦੀ ਹੱਦ ਤੱਕ ਘਟ ਚੁੱਕੀ ਹੈ।

ਬਾਬੇ ਨਾਨਕ ਦੀ ਇਸ ਧਰਤੀ 'ਤੇ ਜਿਥੇ ਉਸ ਨੇ ਸਮੁੱਚੀ ਔਰਤ ਜਾਤ ਨੂੰ ਸਤਿਕਾਰ ਦਿੰਦਿਆਂ 'ਸੋ ਕਿਉ ਮੰਦਾ ਆਖੀਐ, ਜਿਤਿ ਜੰਮਹਿ ਰਾਜਾਨ' ਦਾ ਹੋਕਾ ਦਿੱਤਾ ਸੀ ਅੱਜ ਹਰ ਰੋਜ਼ ਢਾਈ ਹਜ਼ਾਰ ਬੱਚਿਆਂ ਨੂੰ ਜੰਮਣ ਤੋਂ ਪਹਿਲਾਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਭਾਰਤ ਦੇ ਹੋਰ ਸੂਬਿਆਂ ਵਿਚ ਵੀ ਭਰੂਣ ਹੱਤਿਆ ਦੀ ਸਥਿਤੀ ਇਸੇ ਤਰ੍ਹਾਂ ਹੈ। ਇੱਕੀਵੀਂ ਸਦੀ ਵਿਚ ਪਹੁੰਚ ਕੇ ਵੀ ਬਾਲੜੀਆਂ ਪ੍ਰਤੀ ਸਮਾਜ ਦਾ ਇਹ ਰਵੱਈਆ ਨਿੰਦਣਯੋਗ ਤਾਂ ਹੈ ਹੀ ਸਗੋਂ ਸਮੁੱਚੇ ਸਮਾਜ ਲਈ ਘਾਤਕ ਸਾਬਤ ਹੋ ਸਕਦਾ ਹੈ। ਕੁੜੀਆਂ ਦੀ ਲਗਾਤਾਰ ਘਟ ਰਹੀ ਸੰਖਿਆ ਸਮਾਜਿਕ ਰੂਪ ਵਿਚ ਅਸੰਤੁਲਨ ਪੈਦਾ ਕਰ ਸਕਦੀ ਹੈ ਜੋ ਅੱਗੇ ਹੋਰ ਵੀ ਸਮਾਜਿਕ ਵਿਗਾੜਾਂ ਨੂੰ ਜਨਮ ਦੇ ਸਕਦਾ ਹੈ। ਜਿਹੜੇ ਲੋਕ ਅੱਜ ਕੁੜੀਆਂ ਨੂੰ ਕੁੱਖ ਵਿਚ ਮਾਰਨ ਦਾ ਘਿਨਾਉਣਾ ਕਾਰਾ ਕਰ ਰਹੇ ਹਨ ਉਹ ਕੱਲ੍ਹ ਨੂੰ ਆਪਣੇ ਪੁੱਤਰਾਂ ਦੇ ਵਿਆਹ ਲਈ 'ਬਹੂ' ਕਿਥੋਂ ਭਾਲਣਗੇ? ਕੀ ਸਮਾਜ ਵਿਚ ਅਰਾਜਕਤਾ ਨਹੀਂ ਫੈਲੇਗੀ? ਸਮਾਜ ਵਿਚ ਕੁੜੀਆਂ, ਬਾਲੜੀਆਂ ਅਤੇ ਔਰਤਾਂ ਪ੍ਰਤੀ ਜੁਰਮਾਂ ਦਾ ਗਰਾਫ ਲਗਾਤਾਰ ਵਧਦਾ ਜਾ ਰਿਹਾ ਹੈ। ਹਰ ਰੋਜ਼ ਛੇੜਛਾੜ, ਅਗਵਾ ਤੇ ਬਲਾਤਕਾਰ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕੁੜੀਆਂ ਔਰਤਾਂ ਕਿਤੇ ਵੀ ਸੁਰੱਖਿਅਤ ਨਜ਼ਰ ਨਹੀਂ ਆਉਂਦੀਆਂ। ਸਮਾਜਿਕ ਨਿਘਾਰ ਸਭ ਹੱਦਾਂ ਬੰਨ੍ਹੇ ਟੱਪਦਾ ਜਾ ਰਿਹਾ ਹੈ। ਜੇਕਰ ਹੁਣ ਅਜਿਹੀ ਸਥਿਤੀ ਹੈ ਤਾਂ ਕੁੜੀਆਂ ਦੀ ਸੰਖਿਆ ਲਗਾਤਾਰ ਘਟਣ ਨਾਲ ਉਨ੍ਹਾਂ ਪ੍ਰਤੀ ਜੁਰਮਾਂ ਦੀ ਸੰਖਿਆ ਕਿੰਨੀ ਵਧ ਸਕਦੀ ਹੈ, ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਹੈ।

ਅਜੋਕੇ ਸਮੇਂ ਵਿਚ ਕੁੜੀਆਂ ਨੇ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੀ ਭਰਵੀਂ ਸਮਰੱਥਾ ਦਾ ਪ੍ਰਗਟਾਵਾ ਕੀਤਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਅਕ ਨਤੀਜਿਆਂ ਵਿਚ ਮੋਹਰੀ ਪੁਜੀਸ਼ਨਾਂ ਕੁੜੀਆਂ ਹੀ ਹਾਸਲ ਕਰ ਰਹੀਆਂ ਹਨ। ਪੁਲੀਸ, ਪ੍ਰਸ਼ਾਸਨ ਅਤੇ ਤਕਨੀਕੀ ਖੇਤਰਾਂ ਵਿਚ ਵੀ ਕੁੜੀਆਂ ਨੇ ਆਪਣੀ ਮਿਹਨਤ, ਲਗਨ ਤੇ ਇਮਾਨਦਾਰੀ ਸਦਕਾ ਚੰਗਾ ਨਾਮਣਾ ਖੱਟਿਆ ਹੈ। ਸਮਾਜਿਕ ਆਰਥਿਕ ਦ੍ਰਿਸ਼ਟੀ ਤੋਂ ਵੀ ਦੇਖੀਏ ਤਾਂ ਕੁੜੀਆਂ ਪਰਿਵਾਰਾਂ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਕੁੜੀਆਂ ਦੀ ਗਿਣਤੀ ਘਟਣ ਦੀ ਸਥਿਤੀ ਵਿਚ ਪਰਿਵਾਰਾਂ ਦੀ ਬਣਤਰ ਤਹਿਸ-ਨਹਿਸ ਹੋ ਸਕਦੀ ਹੈ। ਮੁੰਡਿਆਂ ਪ੍ਰਤੀ ਸਮਾਜ ਦੀ ਲਾਲਸਾ ਦੇ ਪੱਖ ਤੋਂ ਵੀ ਵੇਖੀਏ ਤਾਂ ਜੇਕਰ ਕੁੜੀਆਂ ਹੀ ਨਾ ਹੋਈਆਂ ਤਾਂ ਮੁੰਡੇ ਦੀ ਇੱਛਾ ਕਿਵੇਂ ਪੂਰੀ ਹੋਵੇਗੀ?

ਅੱਜ ਵੀ ਹਜ਼ਾਰਾਂ ਮਾਪੇ ਪੁੱਤਰਾਂ ਦੇ ਹੁੰਦਿਆਂ ਬਿਰਧ ਘਰਾਂ ਵਿਚ ਰੁਲਦੇ ਦੇਖੇ ਜਾ ਸਕਦੇ ਹਨ। ਇਸ ਦੇ ਉਲਟ ਧੀਆਂ ਸਹੁਰੇ ਘਰ ਗਈਆਂ ਵੀ ਹਰ ਪਲ ਮਾਪਿਆਂ ਦੀ ਖੈਰ ਮੰਗਦੀਆਂ ਹਨ ਤੇ ਬੁਢੇਪੇ ਵਿਚ ਮਾਂ-ਬਾਪ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝਦੀਆਂ ਹਨ। ਡਾਕਟਰ ਸਮਾਜ ਦਾ ਜਾਗਰੂਕ ਵਰਗ ਹੈ, ਜੇਕਰ ਉਹ ਚਾਹਵੇ ਤਾਂ ਭਰੂਣ ਹੱਤਿਆ ਦੀ ਬੁਰਾਈ ਨੂੰ ਖਤਮ ਕਰਨ ਵਿਚ ਚੰਗੀ ਭੂਮਿਕਾ ਨਿਭਾ ਸਕਦਾ ਹੈ।

ਭਰੂਣ ਹੱਤਿਆ ਦੀਆਂ ਨਿੱਤ ਵਾਪਰ ਰਹੀਆਂ ਘਟਨਾਵਾਂ ਸਾਡੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹਨ। ਕੋਈ ਵੀ ਸੰਵੇਦਨਸ਼ੀਲ ਮਨੁੱਖ ਇਨ੍ਹਾਂ ਘਟਨਾਵਾਂ ਦੀ ਬਦੌਲਤ ਸ਼ਰਮਸਾਰ ਹੋਏ ਬਿਨਾਂ ਨਹੀਂ ਰਹਿ ਸਕਦਾ। ਸਰਕਾਰਾਂ ਇਸ ਨੂੰ ਰੋਕਣ ਲਈ ਕਈ ਉਪਰਾਲੇ ਕਰ ਰਹੀਆਂ ਹਨ ਪਰ ਜਦੋਂ ਤੱਕ ਲੋਕ ਨਹੀਂ ਜਾਗਦੇ ਕਿਸੇ ਸੁਧਾਰ ਦੀ ਆਸ ਨਹੀਂ ਰੱਖੀ ਜਾ ਸਕਦੀ। ਭਰੂਣ ਹੱਤਿਆ ਨੂੰ ਰੋਕਣ ਲਈ ਚੇਤੰਨਤਾ ਪੈਦਾ ਕਰਨੀ ਅਜੋਕੇ ਸਮਿਆਂ ਦੀ ਸਭ ਤੋਂ ਵੱਡੀ ਲੋੜ ਹੈ। ਜਦੋਂ ਤੱਕ ਕੁੜੀਆਂ ਪ੍ਰਤੀ ਸਮਾਜ ਦੀ ਮਾਨਸਿਕਤਾ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਉਦੋਂ ਤੱਕ ਸਭ ਗੱਲਾਂ ਵਿਅਰਥ ਹਨ। ਸਭ ਤੋਂ ਵੱਡੀ ਗੱਲ ਹੈ ਔਰਤ ਪ੍ਰਤੀ ਸੋਚ ਬਦਲੀ ਜਾਵੇ। ਔਰਤ ਨੂੰ ਇਕ ਵਿਅਕਤੀ ਵਜੋਂ ਆਦਰ ਸਤਿਕਾਰ ਦਿੱਤਾ ਜਾਵੇ। ਭਰੂਣ ਹੱਤਿਆ, ਦਾਜ ਅਤੇ ਔਰਤਾਂ ਨਾਲ ਸਬੰਧਤ ਹੋਰ ਮਸਲਿਆਂ ਬਾਰੇ ਸਾਂਝੀ ਆਵਾਜ਼ ਉਠਾਈ ਜਾ ਸਕਦੀ ਹੈ। ਜੇ ਹੁਣ ਵੀ ਅਸੀਂ ਖਾਮੋਸ਼ ਰਹਿ ਕੇ ਇਹ ਦੁਖਦਾਈ ਮੰਜ਼ਰ ਦੇਖਦੇ ਰਹੇ ਤਾਂ ਭਵਿੱਖ ਸਾਨੂੰ ਕਦੇ ਮੁਆਫ ਨਹੀਂ ਕਰੇਗਾ।

ਸਿਹਤ ਸੰਭਾਲ

# ਤੰਦਰੁਸਤ ਰਹਿਣ ਵਾਸਤੇ ਸੁਖੈਣ ਤਰੀਕੇ

**ਵੈਦ ਮੇਘਨਾਥ ਜੀ**

ਹਰ ਮਨੁੱਖ ਦੀ ਇਹ ਇੱਛਾ ਬਣੀ ਰਹਿੰਦੀ ਹੈ ਕਿ ਮੈਂ ਤੰਦਰੁਸਤ ਰਹਾਂ, ਮੈਨੂੰ ਕੋਈ ਰੋਗ ਨਾ ਲੱਗੇ, ਮੈਂ ਸੁੱਖ ਨਾਲ ਲੰਮੀ ਉਮਰ ਭੋਗਾਂ। ਇਹ ਕੇਵਲ ਸੋਚਣ ਨਾਲ ਨਹੀਂ ਹੋ ਸਕਦਾ। ਸਿਆਣੇ ਵਿਦਿਵਾਨਾਂ ਨੇ ਆਯੁਰਵੈਦਿ ਵਿਧੀ ਅਨੁਸਾਰ ਤੰਦਰੁਸਤ ਰਹਿਣ ਦੇ ਬਹੁਤ ਹੀ ਸੁਖੈਣ ਤਰੀਕੇ ਦੱਸੇ ਹਨ ਜੇਕਰ ਗੁਰੂਆਂ ਮਹਾਂਪੁਰਸ਼ਾਂ ਦੀ ਮੱਤ ਅਨੁਸਾਰ ਅਸੀਂ ਚੱਲੀਏ ਤਾਂ ਸਾਡਾ ਮਨ ਵੀ ਅਤੇ ਤਨ ਵੀ ਤੰਦਰੁਸਤ ਰਹਿ ਸਕਦਾ ਹੈ ਜਿਵੇਂ ਕਿ ਗੁਰਬਾਣੀ ਦਾ ਫੁਰਮਾਣ ਹੈ –

**ਕਰਿ ਇਸ਼ਨਾਨ ਸਿਮਰ ਪ੍ਰਭੁ ਅਪਨਾ**
**ਮਨ ਤਨ, ਭਇ ਅਰੋਗਾ।**
**(ਸੋਰਠ ਮਹੱਲਾ ਪੰਜਵਾਂ)**

ਸਭ ਤੋਂ ਪਹਿਲਾਂ ਸਾਧਨ ਸਰੀਰ ਅਤੇ ਮਨ ਹੈ ਪਰ ਮੁੱਖ ਦਸ ਇੰਦਰੀਆਂ ਹਨ (ਪੰਜ ਕਰਮ ਇੰਦਰੀਆਂ ਪੰਜ ਗਿਆਨ ਇੰਦਰੀਆਂ0

1. **ਕਰਮ ਇੰਦਰੀਆਂ** - ਹੱਥ, ਪੈਰ, ਮੂੰਹ, ਪਿਸ਼ਾਬ, ਮਲ ਦੁਆਰ ਆਦਿ ਇਹ ਪੰਜ ਕਰਮ ਇੰਦਰੀਆਂ ਹਨ।

1. **ਗਿਆਨ ਇੰਦਰੀਆਂ** - ਅੱਖ, ਨੱਕ, ਕੰਨ, ਜੀਭ, ਚਮੜੀ ਜਿਨ੍ਹਾਂ ਨਾਲ ਦੇਖਣਾ, ਸੁੰਘਣਾ, ਸੁਣਨਾ ਸੁਆਦ ਚੱਖਣਾ ਅਤੇ ਸਪਰਸ਼ ਕਰਨਾ ਇਹ ਪੰਜ ਗਿਆਨ ਇੰਦਰੀਆਂ ਅਤੇ ਉਨ੍ਹਾਂ ਦੇ ਕਰਮ ਹਨ। ਮਨ ਅਤੇ ਸਰੀਰ ਤੰਦਰੁਸਤ ਰਹਿਣਾ ਹੀ ਤੰਦਰੁਸਤੀ ਹੈ ਆਯੁਰਵੇਦ ਵਿੱਚ ਲਿਖਿਆ ਹੈ –

ਬਾਤ, ਪਿੱਤ, ਕਫ਼ (ਹਵਾ, ਪਾਣੀ, ਅੱਗ) ਸਮਾਨ ਹੋਣ ਪੇਟ ਦੀ ਅਗਨੀ ਸਮ ਹੋਵੇ ਜਿਵੇਂ ਕਿ ਸਮੇਂ ਸਿਰ ਭੁੱਖ ਲੱਗਣੀ ਤੇ ਖਾਣਾ ਹਜ਼ਮ ਹੋ ਜਾਣਾ ਜੋ ਅਸੀਂ ਖੁਰਾਕ ਖਾਂਦੇ ਹਾਂ ਉਸ ਦੀਆਂ 7 ਧਾਤੂ ਬਣਦੀਆਂ ਹਨ 1. ਰਸ ਧਾਤੂ, 2. ਰਕਤ ਧਾਤੂ, 3. ਮਾਸ ਧਾਤੂ, 4. ਮੇਦ ਧਾਤੂ (ਚਰਬੀ) 5. ਅਸਤੀ ਧਾਤੂ (ਹੱਡੀ) 6. ਮੱਜਾ ਧਾਤੂ (ਹੱਡੀਆਂ ਅੰਦਰ ਲਾ ਤਰਲ) 7. ਵੀਰਜ਼ ਧਾਤੂ, ਇਹ ਸਮ ਹੋਣ ਸਮੇਂ ਸਿਰ ਮਲ ਮੂਤਰ ਦਾ ਤਿਆਗ ਹੁੰਦਾ ਹੋਵੇ, ਮਨ ਆਤਮਾ ਪ੍ਰਸੰਨ ਹੋਣ ਤਾਂ ਆਯੁਰਵੇਦ ਅਨੁਸਾਰ ਇਹ ਤੰਦਰੁਸਤੀ ਦੇ ਲੱਛਣ ਹਨ। ਦੁਨੀਆਂ ਵਿੱਚ ਬੇਅੰਤ ਪਦਾਰਥ ਹਨ, ਇਨ੍ਹਾਂ ਦਾ ਸੁੱਖ ਭੋਗਣ ਲਈ ਸਭ ਤੋਂ ਵੱਡਾ ਪਦਾਰਥ ਤੰਦਰੁਸਤੀ ਹੈ। ਸਰੀਰ ਨੂੰ ਰਿਸ਼ਟ ਪੁਸ਼ਟ, ਨਿਰੋਗ ਰੱਖਣ ਵਾਸਤੇ ਸੁਖੈਣ ਤਰੀਕੇ ਹੇਠਾਂ ਲਿਖੇ ਜਾ ਰਹੇ ਹਨ ਜੋ ਹਰ ਇੱਕ ਲਈ ਲਾਭਕਾਰੀ ਹਨ :

1. ਸਵੇਰੇ ਅੰਮ੍ਰਿਤ ਵੇਲੇ ਚਾਰ ਵਜੇ ਬ੍ਰਹਮ ਮਹੂਰਤ (ਰਾਤ ਦਾ ਚੌਥਾ ਪਹਿਰ) ਉੱਠਣਾ ਚਾਹੀਦਾ ਹੈ ਸੌਣ ਲਈ 6 ਘੰਟੇ ਬਹੁਤ ਹਨ ਹੱਥ ਮੂੰਹ ਧੋ ਕੇ ਕੁਰਲਾ ਕਰਕੇ ਪਾਣੀ ਪੀਵੇ ਤਾਂ ਗਰਮੀ ਦੇ ਰੋਗ ਤੇ ਕਬਜ਼ ਦੂਰ ਰਹਿੰਦੇ ਹਨ ਅਤੇ ਸਰੀਰ ਫੁਰਤੀਲਾ ਹੁੰਦਾ ਹੈ।

2. ਸਵੇਰੇ ਖਾਲੀ ਪੇਟ 1 ਤੋਂ ਅੱਧਾ ਘੰਟਾ ਕੋਈ ਨਾ ਕੋਈ ਕਸਰਤ ਜਾਂ ਯੋਗ ਅਭਿਆਸ ਜ਼ਰੂਰ ਕਰੇ ਜਾਂ ਇੱਕ ਹੀ ਥਾਂ ਤੇ ਮੂੰਹ ਬੰਦ ਕਰਕੇ ਖੜ੍ਹਾ-ਖੜ੍ਹਾ ਦੌੜੇ, ਜਾਂ ਪਾਣੀ ਵਿੱਚ ਤੈਰਦਾ ਜਾਂ ਪੈਰੀਂ ਚੱਲ ਕੇ ਸੈਰ ਕਰਨੀ, ਇਹ ਕਸਰਤ ਤੰਦਰੁਸਤੀ ਲਈ ਲਾਭਕਾਰੀ ਹੈ।

3. ਸਵੇਰੇ ਦਿਸ਼ਾ (ਟੱਟੀ) ਜਾਣ ਤੋਂ ਬਾਅਦ ਦੰਦਾਂ ਦੀ ਰੱਖਿਆ ਲਈ ਆਯੁਰਵੈਦਿਕ ਮੰਜਨ ਜਾਂ ਕਿੱਕਰ ਦੀ ਦਾਤਨ ਚੱਬ-ਚੱਬ ਕੇ ਕਰਨੀ ਚਾਹੀਦੀ ਹੈ ਕਿਉਂਕਿ ਦਾਤਨ ਨਾਲ ਦੰਦਾਂ ਦੀ ਕਸਰਤ ਹੁੰਦੀ ਹੈ ਬੁਰਸ਼ ਦੀ ਬਿਜਾਏ ਦਾਤਨ ਬਹੁਤ ਅੱਛੀ ਹੈ।

4. ਹਰ ਰੋਜ਼ਤਾਜ਼ੇ ਪਾਣੀ ਨਾਲ ਜਾਂ ਰੁੱਤ ਅਨੁਸਾਰ ਅਨਕੂਲ ਪਾਣੀ ਨਾਲ ਇਸ਼ਨਾਨ ਕਰੇ, ਸਰ੍ਹੋਂ ਜਾਂ ਤਿਲਾਂ ਦਾ ਤੇਲ ਸਿਰ ਤੇ ਲਾਵੇ ਜਾਂ ਕੋਈ ਸੁਗੰਧਤ ਤੇਲ ਔਲਾ, ਬ੍ਰਹਮੀ ਆਦਿ ਲਾਵੇ ਕੇਸਾਂ ਦੀ ਸਫਾਈ ਲਈ ਕੰਘਾ ਜ਼ਰੂਰ ਕਰੇ।

5. ਆਤਮ ਅਤੇ ਮਾਨਸਿਕ ਬਲ ਵਾਸਤੇ ਆਪੋ-ਆਪਣੇ ਧਰਮ ਅਨੁਸਾਰ ਪ੍ਰਮਾਤਮਾਂ ਨੂੰ ਯਾਦ ਕਰਨਾ ਅਤਿ ਜ਼ਰੂਰੀ ਹੈ।

6. ਚੰਗੀ ਭੁੱਖ ਲੱਕੀ ਤੋਂ ਹੀ ਵੈਸ਼ਨੂੰ ਤਾਜ਼ਾ ਭੋਜਨ (ਹਲਕਾ ਪੋਸ਼ਟਿਕ) ਪ੍ਰਸੰਨ ਚਿੱਤ ਹੋ ਕੇ ਸ਼ਾਂਤ ਮਨ ਨਾਲ ਹੌਲੀ-ਹੌਲੀ ਚਬਾ-ਚਬਾ ਕੇ ਖਾਣਾ ਚਾਹੀਦਾ ਹੈ ਸੰਤੁਲਤ ਸਾਫ਼ ਤਾਜ਼ੀਆਂ ਹਰੀਆਂ ਸਬਜ਼ੀਆਂ, ਮੌਸਮੀ ਫ਼ਲ, ਸਲਾਦ, ਮੋਟੀ ਛਾਨਣੀ ਨਾਲ ਛਾਣਿਆ ਆਟਾ (ਚੋਕਰ) ਦੁੱਧ, ਦਹੀਂ, ਮੱਖਣ, ਪਨੀਰ, ਦਾਲਾਂ ਦੀ ਵਰਤੋਂ ਪੌਸ਼ਟਿਕ ਤੱਤਾਂ ਦੀ ਪੂਰਤੀ ਕਰਦੇ ਹਨ ਤੇ ਸਰੀਰ ਨੂੰ ਨਿਰੋਗ ਰੱਖਣ ਵਿੱਚ ਸਹਾਇਕ ਹਨ।

7. ਖੁਰਾਕ ਠੀਕ ਪੱਚਣ ਵਾਸਤੇ ਭੋਜਨ ਨਾਲ ਜ਼ਿਆਦਾ ਪਾਣੀ ਨਹੀਂ ਪੀਣਾ ਚਾਹੀਦਾ ਅੱਧਾ ਘੰਟਾ ਜਾਂ 1 ਘੰਟਾ ਬਾਅਦ ਪਾਣੀ ਪੀਣਾ ਚਾਹੀਦਾ ਹੈ।

8. ਭੋਜਨ ਛੱਕਣ ਤੋਂ ਬਾਅਦ ਕੁਰਲਾ ਕਰਕੇ ਹੱਥ ਸਾਫ ਕਰਕੇ ਗਿੱਲੇ ਗਿੱਲੇ ਹੱਥ ਮੂੰਹ ਤੇ ਅੱਖਾਂ ਤੇ ਮਲੋ ਅੱਖਾਂ ਤੇ ਮਲਣ ਨਾਲ ਅੱਖਾਂ ਦੀ ਜੋਤ ਵੱਧਦੀ ਹੈ ਮੁੱਖ ਦੀ ਸੁੰਦਰਤਾ ਵੱਧਦੀ ਹੈ।

9. ਪਿਸ਼ਾਬ ਦੇ ਰੋਗ (ਪੱਥਰੀ ਆਦਿ) ਤੋਂ ਬਚਣ ਵਾਸਤੇ ਭੋਜਨ ਛੱਕਣ ਤੋਂ ਬਾਅਦ ਪਿਸ਼ਾਬ ਕਰਨਾ ਅਤਿ ਜ਼ਰੂਰੀ ਹੈ।

10. ਸਰਦੀ ਦੀ ਮੌਸਮ ਵਿੱਚ ਪੇਟ ਦੀ ਅਗਨੀ ਵਧੀ ਰਹਿੰਦੀ ਹੈ ਇਸ ਕਰਕੇ ਦੇਸੀ ਘੀ, ਦੁੱਧ ਵ ਗੈਰਾ ਪੌਸ਼ਟਿਕ ਪਦਾਰਥਾਂ ਦੀ ਵਰਤੋਂ

1. **ਹਰੀ ਸਬਜ਼ੀ ਬਣਾਉਣ ਵੇਲੇ ਉਸ ਵਿੱਚ 2-4 ਬੂੰਦਾਂ ਨਿੰਬੂ ਦੀਆਂ ਪਾ ਦਿਓ, ਸਬਜ਼ੀ ਦਾ ਹਰਾਪਨ ਕਾਇਮ ਰਹਿੰਦਾ ਹੈ।**
2. **ਬਤਾਊਂ ਕੱਟ ਕੇ ਲੂਣ ਦੇ ਪਾਣੀ ਵਿੱਚ ਪਾ ਦਿਓ। ਬਤਾਊਆਂ ਵਿੱਚ ਕਾਲਾਪਨ ਨਹੀਂ ਆਉਂਦਾ।**
3. **ਤਰੀ ਵਾਲੀ ਸਬਜ਼ੀ ਬਣਾਉਣ ਵੇਲੇ ਉਸ ਵਿੱਚ ਥੋੜ੍ਹਾ ਜਿਹਾ ਕੱਚਾ ਦੁੱਧ ਪਾ ਦਿਓ ਤੇ ਸਬਜ਼ੀ ਸਵਾਦ ਬਣਦੀ ਹੈ।**
4. **ਭਿੰਡੀ ਦੀ ਸਬਜ਼ੀ ਬਣਾਉਣ ਵੇਲੇ ਉਸ ਵਿੱਚ ਥੋੜ੍ਹਾ ਜਿਹਾ ਅੰਬਚੂਰ ਪਾ ਦਿਓ, ਭਿੰਡੀ ਲੇਸ ਨਹੀਂ ਛੱਡਦੀ।**
5. **ਫੁੱਲ ਗੋਭੀ ਬਣਾਉਣ ਵੇਲੇ ਗੋਭੀ ਦਾ ਹੀ ਇੱਕ ਪਤਾ ਵਿੱਚ ਪਾ ਦਿਓ, ਗੋਭੀ ਦਾ ਚਿੱਟਾਪਨ ਕਾਇਮ ਰਹਿੰਦਾ ਹੈ।**
6. **ਪਿੱਤਲ ਦੇ ਭਾਂਡੇ ਵਿੱਚ ਸਬਜ਼ੀ ਬਣਾਉਣ ਵੇਲੇ ਟਮਾਟਰ ਨਾ ਪਾਓ। ਟਮਾਟਰ ਪਾਉਣ ਨਾਲ ਸਬਜ਼ੀ ਕੌੜੀ ਤੇ ਜ਼ਹਿਰੀਲੀ ਹੋ ਜਾਂਦੀ ਹੈ।**

ਕਰਨੀ ਤੰਦਰੁਸਤੀ ਲਈ ਲਾਭਕਾਰੀ ਹੈ।

11. ਗਰਮੀ ਦੀ ਮੌਸਮ ਵਿੱਚ ਨਿੰਬੂ, ਇਮਲੀ, ਕੱਚਾ ਅੰਬ, ਧੀਆਂ, ਪੁਦੀਨਾ ਆਦਿ ਦੀ ਵਰਤੋਂ ਕਰਨੀ ਲਾਭਕਾਰੀ ਹੈ। ਘੱਟ ਭੋਜਨ ਖਾਣ ਨਾਲ ਹੈਜ਼ਾ, ਦਸਤ, ਉਲਟੀਆਂ ਆਦਿ ਪ੍ਰਾਣ ਘਾਤਕ ਰੋਗਾਂ ਦਾ ਡਰ ਨਹੀਂ ਰਹਿੰਦਾ।

12. ਮਹੀਨੇ ਵਿੱਚ ਚਾਰ ਵਾਰ ਜਾਂ ਕਮ ਸੇ ਕਮ ਦੋ ਵਾਰ ਉਪਵਾਸ (ਬਰਤ) ਰੱਖਣ ਨਾਲ ਸਰੀਰ ਤੇ ਅੱਖਾਂ ਨੂੰ ਵਿਸ਼ੇਸ਼ ਲਾਭ ਹੁੰਦਾ ਹੈ। ਬਰਤ ਇਸ ਕਰਕੇ ਰੱਖਣਾ ਜ਼ਰੂਰੀ ਹੈ ਜੋ ਭੋਜਨ ਪੇਟ ਵਿੱਚ ਪੱਕਣ ਸਮੇਂ ਕੱਚਾ ਰਹਿ ਜਾਂਦਾ ਹੈ ਉਹ ਕੱਚਾ ਆਮ ਰਸ ਬਰਤ ਸਮੇਂ ਪਚਾਕੇ ਮਿਹਦਾ ਤੇ ਆਤਾਂ (ਅੰਤੜੀਆਂ) ਸਾਫ਼ ਹੋ ਜਾਂਦੀਆਂ ਹਨ। ਆਯੁਰਵੇਦ ਅਨੁਸਾਰ ਕੱਚੇ ਰਸ ਨੂੰ ਆਮ ਕਹਿੰਦੇ ਹਨ। ਜਿਸ ਨਾਲ ਸਰੀਰ ਵਿੱਚ ਅਨੇਕਾਂ ਰੋਗ ਪੈਦਾ ਹੁੰਦੇ ਹਨ ਜਿਵੇਂ ਕਿ ਆਲਸ, ਨਜ਼ਲਾ, ਪੇਟ ਗੈਸ, ਚੱਕਰ, ਕਬਜ਼ ਜਾਂ ਮਰੋੜ, ਸਿਰਦਰਦ, ਆਮਵਾਦ (ਗਠੀਆ) ਮਧੂਮੇਹ (ਸ਼ੂਗਰ) ਪੇਟ ਦੇ ਰੋਗ ਅਤੇ ਸਵਾਇਨ ਫਲੂ ਅਤੇ ਕੈਂਸਰ ਜੈਸੇ ਭਿਆਨਕ ਰੋਗਾਂ ਦਾ ਆਮ ਰਸ ਕਾਰਣ ਹੈ। ਬਰਤ ਰੱਖਣ ਨਾਲ ਉਪਰੋਕਤ ਰੋਗਾਂ ਤੋਂ ਪੂਰੀ ਤਰ੍ਹਾਂ ਬਚਿਆ ਜਾ ਸਕਦਾ ਹੈ।

13. ਬਰਤ ਵਾਲੇ ਦਿਨ ਪਾਣੀ, ਦੁੱਧ, ਫਲ ਨਿੰਬੂ ਦੀ ਸੰਕਜਵੀਂ ਫ਼ਲਾਂ ਦਾ ਜੂਸ ਕੋਈ ਹਲਕਾ ਫ਼ਲ ਘੱਟ ਮਾਤਰਾ ਵਿੱਚ ਖਾਣਾ ਅੱਛਾ ਹੈ ਬਰਤ ਵਾਲੇ ਦਿਨ ਕੋਈ ਨਿੱਗਰ ਤਲੀ ਚੀਜ਼ ਖਾਣੀ ਹਾਨੀਕਾਰਕ ਹੈ।

14. ਸਰੀਰ ਵਿੱਚ ਅਮੋਲਕ ਰਤਨ ਅੱਖਾਂ ਹਨ ਜਿਨ੍ਹਾਂ ਦੀ ਰੱਖਿਆ ਕਰਨੀ ਜ਼ਰੂਰੀ ਹੈ ਦਿਨ ਵਿੱਚ 2 ਵਾਰੀ ਠੰਡੇ ਪਾਣੀ ਦੇ ਲਗਭਗ 14-15 ਵਾਰੀ ਛਿੱਟੇ ਮਾਰਕੇ ਅੱਖਾਂ ਦਾ ਇਸ਼ਨਾਨ ਕਰਾਵੇ। ਸੂਰਜ ਚੜ੍ਹਨ ਤੋਂ 1 ਘੰਟਾ ਬਾਅਦ ਅੱਖਾਂ ਬੰਦ ਕਰਕੇ ਸੂਰਜ ਦੀ ਤਰਫ਼ ਇੱਕ ਮਿੰਟ ਅੱਖਾਂ ਬੰਦ ਕਰਕੇ ਬੈਠਣ ਨਾਲ ਅੱਖਾਂ ਦੀ ਜੋਤ ਵੱਧਦੀ ਹੈ।

15. ਜਿੰਨ੍ਹਾਂ ਦੀ ਨਿਗ੍ਹਾ ਵਿੱਚ ਖਾਰਾਬੀ ਹੈ ਉਨ੍ਹਾਂ ਨੂੰ ਛੇਤੀ ਹੀ ਨੇਤ੍ਰ ਵਿਸ਼ੇਸ਼ਕ ਚਿਕਿੱਤਸਕ ਤੋਂ ਜਾਂਚ ਕਰਾਉਣੀ ਚਾਹੀਦੀ ਹੈ।

16. ਮਦ ਪਾਨ (ਸ਼ਰਾਬ ਪੀਣੀ) ਬਿਲਕੁਲ ਵਿਵਰਜਤ ਹੈ। ਤੇਜ਼ ਰੌਸ਼ਨੀ, ਧੂੜ, ਧੂਆਂ ਤੇ ਕੁਸੰਗਤ ਤੋਂ ਬਚਣਾ ਚਾਹੀਦਾ ਹੈ ਇਹ ਸਮਾਜਿਕ, ਆਰਥਿਕ (ਧਨ) ਅਤੇ ਸਰੀਰ ਲਈ ਹਾਨੀਕਾਰਕ ਹਨ। ਜ਼ਿਆਦਾ ਠੰਡੀਆਂ, ਜ਼ਿਆਦਾ ਗਰਮ, ਜ਼ਿਆਦਾ ਖੱਟੀਆਂ, ਰਾਤ ਨੂੰ ਮੂਲੀ ਅਤੇ ਦਹੀਂ ਖਾਣੀ, ਮਾਸ ਅੰਡਾ, ਸ਼ਰਾਬ ਆਦਿ ਸਿਹਤ ਲਈ ਅਤਿਅੰਤ ਹਾਨੀਕਾਰਕ ਹਨ।

17. ਠੰਡੇ ਪਾਣੀ ਨਾਲ ਜਾਂ ਮੌਸਮ ਅਨੁਸਾਰ ਹੱਥ ਪੈਰ ਧੋ ਕੇ ਪੈਰਾਂ ਦੀਆਂ ਤਲੀਆਂ ਤੇ ਤੇਲ ਦੀ ਮਾਲਸ਼ ਕਰਕੇ ਸੌਣ ਨਾਲ ਅੱਛੀ ਨੀਂਦ ਆ ਜਾਂਦੀ ਹੈ ਅਤੇ ਮਾੜੇ ਸੁਪਨੇ ਆਉਣ ਦਾ ਭੈਅ ਨਹੀਂ ਰਹਿੰਦਾ।

18. ਲੰਮੀ ਉਮਰ ਦੀ ਤੰਦਰੁਸਤੀ ਅਤੇ ਉਮਰ ਭੋਗਣ ਲਈ ਅੱਛੀ ਨੀਂਦ ਤੇ ਬ੍ਰਹਮਚਰੀਏ ਦਾ ਪਾਲਣ ਕਰਨਾ ਮਨੁੱਖਤਾ ਲਈ ਲਾਭਕਾਰੀ ਹੈ।

19. ਆਪਣੇ ਵਰਤਮਾਨ ਸਮੇਂ ਧਿਆਨ ਨਾਲ ਅੱਛੇ ਕੰਮ ਵਿੱਚ ਮਨ ਨੂੰ ਲਾਵੇ।

20. ਜੀਵਨ ਵਿੱਚ ਪਵਿੱਤਰਤਾ ਅਪਨਾਵੇ ਪ੍ਰਮਾਤਮਾਂ ਦੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਰੂਪ ਸਮਝਕੇ ਪ੍ਰੇਮ ਕਰੇ ਅਤੇ ਸਦਾ ਪ੍ਰਸੰਨ ਖੁਸ਼ ਰਹੇ। ਤ੍ਰਿਸ਼ਨਾਂ, ਕਾਮ, ਕ੍ਰੋਧ, ਮੋਹ, ਹੰਕਾਰ ਨੂੰ ਸੰਜਮ ਵਿੱਚ ਰੱਖਣਾ ਸੁਖਦਾਈ ਹੈ।

21. ਹਰ ਵੇਲੇ ਮਨ ਵਿੱਚ ਨਿਮਰਤਾ ਅਤੇ ਮਿੱਠੀ ਬਾਣੀ ਦਾ ਪ੍ਰਯੋਗ ਕਰੋ। ਮਨ ਵਿੱਚ ਕੋਈ ਐਸੀ ਗੱਲ ਕਦੀ ਨਾ ਸੋਚੋ ਜਿਸ ਨਾਲ ਕਿਸੇ ਦਾ ਦਿਲ ਦੁਖੀ ਹੁੰਦਾ ਹੋਵੇ। ਹਮੇਸ਼ਾਂ ਐਸਾ ਕਰਮ ਕਰੋ ਜਿਸ ਨਾਲ ਸਮਾਜ ਵਿੱਚ ਕਿਸੇ ਨੂੰ ਵੀ ਹਾਨੀ ਨਾ ਹੁੰਦੀ ਹੋਵੇ। ਆਪਣੇ ਆਪ ਨੂੰ ਸਵਾਰੋ ਅਤੇ ਮਹਾਂਪੁਰਸ਼ਾਂ ਦੀ ਸੰਗਤ ਕਰੋ ਜਿਵੇਂ ਕਿ ਬਾਬਾ ਫ਼ਰੀਦ ਜੀ ਦਾ ਫੁਰਮਾਣ ਹੈ –

**ਆਪ ਸਵਾਰਹਿ ਮਿਲਹਿ, ਮੈ ਮਿਲਿਐ ਸੁਖ ਹੋਏ।**
**ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭ ਜਗ ਤੇਰਾ ਹੋਏ।**
**ਫ਼ਰੀਦਾ ਬੁਰੇ ਦਾ ਭਲਾ ਕਰ ਗੁੱਸਾ ਮਨ ਨਾ ਹੰਢਾਏ**
**ਦੇਹੀ ਰੋਗ ਨਾ ਲਾਗਈ, ਪਲੈ ਸਭ ਕਿਛ ਪਾਏ।**

22. ਸਰੀਰ ਸਾਧਨ ਲਈ ਕਿਰਤ ਕਰਨੀ, ਕੀਤੀ ਕਮਾਈ ਵਿੱਚੋਂ ਲੋੜਵੰਦਾਂ ਦੀ ਸੇਵਾ ਹਿੱਤ ਦਸਵੰਧ ਦੇਣਾ ਇਨਸਾਨੀਅਤ ਦਾ ਫਰਜ਼ ਹੈ।

23. ਭੋਜਨ ਖਾਣ ਤੋਂ ਬਾਅਦ ਸਿੱਧੇ ਲੇਟ ਕੇ ਲੰਮੇ ਲੰਮੇ ਅੱਠ ਸਾਹ ਲਵੋ ਫਿਰ ਖੱਬੇ ਲੇਟ ਕੇ ਸੋਲਾਂ ਸਾਹ ਲਓ ਫਿਰ ਸਜੇ ਪਾਸੇ ਲੇਟ ਕੇ ਬੱਤੀ ਸਾਹ ਲਵੋ ਫਿਰ ਸੌ ਕਦਮ ਤੁਰੋ। ਇਸ ਤਰ੍ਹਾਂ ਕਰਨ ਨਾਲ ਪਾਚਨ ਸ਼ਕਤੀ ਠੀਕ ਰਹਿੰਦੀ ਹੈ।

24. ਖਿਮਾ, ਦਯਾ, ਨਿਮਰਤਾ, ਮਿੱਠਤਾ ਸੰਤੋਖ ਇਹ ਗੁਣ ਧਾਰਨ ਨਾਲ ਮਨ ਹਰ ਵੇਲੇ ਸ਼ਾਂਤ ਅਤੇ ਅਨੰਦ ਵਿੱਚ ਰਹਿੰਦਾ ਹੈ।

# ਚੋਰ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

| | | |
|---|---|---|
| **ਧੁੰਨਾ** | : | ਇੱਕ ਕਿਸਾਨ, ਉਮਰ 55 ਸਾਲ |
| **ਮਿੰਦਰੋ** | : | ਧੁੰਨੇ ਦੀ ਪਤਨੀ, ਉਮਰ 50 ਸਾਲ |
| **ਜਿੰਦਰ** | : | ਪੜ੍ਹਿਆ ਲਿਖਿਆ ਬੇਰੁਜ਼ਗਾਰ, ਉਮਰ 25 ਸਾਲ |
| **ਕਿਸ਼ਨਾ** | : | ਇੱਕ ਦੁਕਾਨਦਾਰ, ਉਮਰ 45 ਸਾਲ |
| **ਖਜਾਨ ਸਿੰਘ** | : | ਧੁੰਨੇ ਦਾ ਸਾਲਾ, ਉਮਰ 48 ਸਾਲ |
| 1. | : | |
| 2. | : | ਦੋ ਯਮ |
| **ਗਿਆਨ ਸਿੰਘ** | : | ਆੜ੍ਹਤੀਆ, ਉਮਰ 60 ਸਾਲ |
| **ਬੰਤੂ** | : | ਝੀਊਰ, ਉਮਰ 50 ਸਾਲ |
| **ਚੰਨਾ** | : | ਧੁੰਨੇ ਦਾ ਪੁੱਤਰ, 26 ਸਾਲ |
| **ਚੋਰ** | | |

(ਧੁੰਨਾ ਆਪਣੇ ਘਰ ਦੇ ਛੋਟੇ ਜਿਹੇ ਵਰਾਂਡੇ ਵਿਚ ਮੰਜੇ 'ਤੇ ਸੌਂ ਰਿਹਾ ਹੈ, ਸੁਫ਼ਨੇ ਵਿਚ ਉਸ ਦੇ ਬੋਲਣ ਦੀ ਆਵਾਜ਼ ਸੁਣਾਈ ਦਿੰਦੀ ਹੈ)

**ਧੁੰਨਾ** : (ਸੁਫ਼ਨੇ ਵਿਚ) ਲੋਕੋ! ਦੌੜੋ, ਆਹ ਚੋਰਾਂ ਮੇਰੀਆਂ ਸਾਰੀਆਂ ਟਾਹਲੀਆਂ ਵੱਢ ਲਈਆਂ, ਵੇਖੋ....ਔਹ ਵੇਖੋ.....ਤੁਸੀਂ ਵੇਖਦੇ ਨਹੀਂ? ਤੁਸੀਂ ਅੰਨ੍ਹੇ ਹੋ? ਦਿਨ ਦੀਵੀਂ ਚੋਰ ਕੀ ਕਰਦੇ ਪਏ ਨੇ.....ਮੇਰੀ ਹਿੱਕ 'ਤੇ ਆਰੀ ਫਿਰਦੀ ਪਈ ਏ, ਟੋਟੇ ਕਰ ਕਰ ਟਰਾਲੀ ਵਿਚ ਸੁੱਟੀ ਜਾਂਦੇ ਨੇ ਹਰਾਮਜਾਦੇ, ਹਾਏ ਉਏ ਮੇਰੀਆਂ ਅਸਮਾਨ ਨੂੰ ਛੂਹਣ ਵਾਲੀਆਂ ਟਾਹਲੀਆਂ! ਮੈਂ ਲੁੱਟਿਆ ਗਿਆ, ਕੋਈ ਨਹੀਂ ਮੇਰੀ ਮਦਦ ਕਰਨ ਵਾਲਾ। ਮੇਰੀਆਂ ਤੀਹ ਹਜ਼ਾਰ ਦੀਆਂ ਟਾਹਲੀਆਂ ਨੇ, ਟਾਹਲੀਆਂ ਮੇਰੀ ਜਾਨ ਨੇ, ਮੈਂ ਜਾਨ ਦੇ ਦਊਂ। ਚਲਾਉ ਟਰੈਕਟਰ, ਮੈਂ ਖੜ੍ਹਾ ਵਾਂ ਰਾਹ ਵਿਚ.....ਲੰਘਾ ਦਿਉ ਮੇਰੇ ਉਪਰੋਂ.....ਹਾਏ ਹਾਏ.....

(ਮੰਜੇ ਤੋਂ ਹੇਠਾਂ ਡਿੱਗ ਪੈਂਦਾ ਹੈ, ਧੁੰਨੇ ਨੂੰ ਜਾਗ ਆ ਜਾਂਦੀ ਹੈ)

ਸ਼ੁਕਰ ਏ, ਟਾਹਲੀਆਂ ਸਹੀ ਸਲਾਮਤ ਨੇ। ਕਿੰਨੇ ਖੌਫ਼ ਵਾਲਾ ਸੁਫ਼ਨਾ ਸੀ। ਅੱਧੀ ਰਾਤ ਤਾਂ ਖੰਘਦੇ-ਖੰਘਦੇ ਪੈ ਗਈ, ਜਦ ਜਰਾ ਅੱਖ ਲੱਗੀ ਤਾਂ ਸਾਲਾ ਸੁਫ਼ਨਾ ਪਤਾ ਨੀਂ ਕਿਧਰੋਂ ਆ ਗਿਐ।

(ਧੁੰਨਾ ਸਿੰਘ ਦੀ ਖੰਘ ਛਿੜ ਪੈਂਦੀ ਹੈ, ਜਿਸ ਦੀ ਆਵਾਜ਼ ਸੁਣ ਕੇ ਮਿੰਦਰੋ ਆ ਜਾਂਦੀ ਹੈ।)

**ਮਿੰਦਰੋ** : (ਖਿੱਝਦੀ ਹੋਈ) ਖੰਘ ਫਿਰ ਛਿੜ ਪਈ ਏ?

**ਧੁੰਨਾ** : (ਖੰਘਦਾ ਹੋਇਆ) ਆਹ ਸਾਲੀ ਖੰਘ ਪਤਾ ਨਹੀਂ ਕਦ ਖਹਿੜਾ ਛੱਡੇਗੀ। ਮਹੀਨਾ ਹੋ ਗਿਆ ਡਾਕਟਰ ਦੀ ਦਵਾਈ ਖਾਂਦੇ ਨੂੰ। ਛੇ ਸੱਤ ਸੌ ਰੁਪਿਆ ਵੀ ਫੂਕ ਛੱਡਿਐ, ਉਧਰ ਡਾਕਟਰ ਮੇਰੇ ਸਾਲੇ ਪਤਾ ਨਹੀਂ ਕਿਹੜੀ ਦਵਾਈ ਦੇ ਦਿੰਦੇ ਨੇ, ਇੱਕ ਪੈਸੇ ਦਾ ਫ਼ਰਕ ਨਹੀਂ ਪਿਆ।

**ਮਿੰਦਰੋ** : ਡਾਕਟਰ ਨੂੰ ਕਹਿਣਾ ਸੀ ਦਵਾਈ ਬਦਲ ਦੇਂਦਾ।

**ਧੁੰਨਾ** : ਹਰ ਵਾਰ ਨਵੀਂ ਸ਼ੀਸ਼ੀ ਹੱਥ ਫੜਾ ਦੇਂਦੈ ਤੇ ਲਾਹ ਲੈਂਦੇ ਪੰਜਾਹ ਰੁਪਏ।

**ਮਿੰਦਰੋ** : ਆਪ ਤਾਂ ਤੂੰ ਖਊਂ-ਖਊਂ ਕਰਨਾ ਈ ਐਂ, ਸਾਨੂੰ ਤਾਂ ਝੱਟ ਅਰਾਮ ਕਰ ਲੈਣ ਦਿਆ ਕਰ ਕਦੇ।

| | | |
|---|---|---|
| **ਧੁੰਨਾ** | : | ਮੈਂ ਕੋਈ ਖ਼ੁਸ਼ੀ ਨਾਲ ਤਾਂ ਨਹੀਂ ਕਰਦਾ ਖਊਂ-ਖਊਂ। |
| **ਮਿੰਦਰੋ** | : | ਤੈਨੂੰ ਖੰਘ ਤਾਂ ਕੀ ਲੱਗ ਗਈ ਸਾਰੇ ਟੱਬਰ ਨੂੰ ਟੰਗ ਦਿੱਤਾ ਤੂੰ। ਕਦੇ ਕਹਿਣੈਂ-ਸਾਹ ਚੜ੍ਹਦਾ ਪਿਐ, ਕਦੇ ਕਹਿਣੈਂ-ਸਾਹ ਨਹੀਂ ਆਉਂਦਾ ਪਿਆ। ਪਰਸੋਂ ਜਿਹੜੀ ਸ਼ੀਸ਼ੀ ਲਿਆ ਕੇ ਦਿੱਤੀ ਸੀ, ਕੋਈ ਫ਼ਰਕ ਜਾਪਿਆ ਨਹੀਂ? |
| **ਧੁੰਨਾ** | : | ਉਸ ਸ਼ੀਸ਼ੀ ਨੇ ਕਿਹੜਾ ਚਮਤਕਾਰ ਵਿਖਾ ਦਿੱਤੈ, ਇੱਕ ਕੌਡੀ ਦਾ ਫ਼ਰਕ ਨਹੀਂ ਪਿਆ। |
| **ਮਿੰਦਰੋ** | : | ਨਹੀਂ ਪਿਆ ਫ਼ਰਕ ਤਾਂ ਦਿੰਨੇ ਜਾ ਕੇ ਉਹ ਸ਼ੀਸ਼ੀ ਮਾਰੀਂ ਡਾਕਟਰ ਦੀ ਟਿੰਡ ਵਿਚ। |
| **ਧੁੰਨਾ** | : | ਡਾਕਟਰ ਨਾਲ ਤਾਂ ਫਿਰ ਵੇਖਾਂਗੇ (ਖੰਘਦਾ ਹੋਇਆ) ਤੂੰ ਏਦਾਂ ਕਰ, ਥੋੜ੍ਹੀ ਜਿਹੀ ਚਾਹ ਲਿਆ ਬਣਾ ਕੇ। |
| **ਮਿੰਦਰੋ** | : | ਕਿਥੋਂ ਲਿਆਵਾਂ ਚਾਹ? ਪੱਤੀ ਤਾਂ ਕੱਲ੍ਹ ਸ਼ਾਮਾਂ ਦੀ ਖਤਮ ਹੋ ਗਈ ਸੀ। |
| **ਧੁੰਨਾ** | : | ਫੜ੍ਹ ਲਿਆਉਣੀ ਸੀ ਦੋ ਛਟਾਂਕਾਂ ਕਿਸ਼ਨੇ ਦੀ ਦੁਕਾਨੋਂ। |
| **ਮਿੰਦਰੋ** | : | ਬਿਨਾਂ ਪੈਸਿਆਂ ਉਹ ਚੜ੍ਹਨ ਦੇਂਦੈ ਆਪਣੀ ਹੱਟੀ 'ਤੇ, ਉਹਦੇ ਪਹਿਲਾਂ ਵੀ ਪੈਸੇ ਦੇਣੇ ਨੇ। ਜਦੋਂ ਵੀ ਉਹਦੀ ਹੱਟੀ 'ਤੇ ਜਾਨੇ ਆਂ ਤਾਂ ਭੈੜੀ ਜਿਹੀ ਬੂਥੀ ਬਣਾ ਕੇ ਗੈਂਡੇ ਵਰਗੀਆਂ ਅੱਖਾਂ ਬਣਾ ਕੇ ਕਹਿੰਦੈ-ਪਿਛਲਾ ਉਧਾਰ ਤਾਂ ਸਾਫ਼ ਕਰ ਦਿਉ। ਗਾਹਕਾਂ ਸਾਹਮਣੇ ਤਾਂ ਉਹਦੀ ਜ਼ਬਾਨ ਕੁੱਝ ਜ਼ਿਆਦਾ ਈ ਚਲਦੀ ਏ ਕੁਤਰ ਕੁਤਰ। ਦਿਲ ਕਰਦੈ ਕਿ ਪੈਸੇ ਹੋਣ ਤਾਂ ਠਾਹ ਮਾਰਾਂ ਉਹਦੀ ਨੱਕ 'ਤੇ। |
| **ਧੁੰਨਾ** | : | ਕਿਸ਼ਨੇ ਦੇ ਦਿਨ ਫਿਰ ਗਏ ਨੇ। ਜਦੋਂ ਸਾਡੇ ਮੁਹੱਲੇ ਆਇਆ ਸੀ, ਸਾਲੇ ਦੀ ਭੂਤਨੀ ਭੁੱਲੀ ਪਈ ਸੀ, ਪਰ ਅੱਜ ਉਹਦੀਆਂ ਨਜ਼ਰਾਂ ਈ ਬਦਲ ਗਈਆਂ ਨੇ। (ਗੱਲ ਪਲਟਦਾ ਹੋਇਆ) ਅਜੇ ਰਾਤ ਕਿੰਨੀ ਕੁ ਹੋਵੇਗੀ? |
| **ਮਿੰਦਰੋ** | : | ਲੋਅ ਲੱਗਣ ਈ ਵਾਲੀ ਏ। ਮੈਂ ਜਾਵਾਂ ਅੰਦਰ? ਘੜੀ ਹੋਰ ਸੌਂ ਲਵਾਂ, ਮੇਰੇ ਮੌਰ੍ਹ ਦੁਖਦੇ ਪਏ ਨੇ। |
| **ਧੁੰਨਾ** | : | ਚੰਗਾ ਸੌਂ ਲੈ, ਦਿਨ ਚੜ੍ਹਧੇ ਪੈਲੀ ਵਿੱਚੋਂ ਚੰਨਾ ਆਇਆ ਤਾਂ ਉਹਨੂੰ ਤੋਰੀਂ ਸੌਦਾ ਪੱਤਾ ਲੈਣ। |
| **ਮਿੰਦਰੋ** | : | ਤੋਰ ਦਿਆਂਗੇ, ਹੁਣ ਚੁੱਪ ਵੀ ਕਰੇਂਗਾ ਕਿ ਨਹੀਂ? (ਮਿੰਦਰੋ ਅੰਦਰ ਚਲੀ ਜਾਂਦੀ ਹੈ) |
| **ਧੁੰਨਾ** | : | ਸਾਲੀ ਕਿੱਡੀ ਉਖੜੀ ਕੁਹਾੜੀ ਵਾਂਗੂੰ ਪੈਂਦੀ ਏ। (ਡੂੰਘੀ ਉਦਾਸੀ ਵਿੱਚ) ਕਾਹਦੀ ਜ਼ਿੰਦਗੀ ਏ? ਅਸੀਂ ਤਾਂ ਜੂਨ ਈ ਪੂਰੀ ਕਰਨ ਆਏ ਆਂ ਜੱਗ ਤੇ। ਅਨਾਜ ਪੈਦਾ ਕਰਦਿਆਂ ਸਾਰੀ ਜ਼ਿੰਦਗੀ ਨੁਕਰੇ ਲਾ ਤੀ ਪਰ..... ਸਾਡੀ ਰੋਟੀ ਨਾ ਕਦੇ ਹੋਈ ਪੂਰੀ। (ਸੌਂ ਜਾਂਦਾ ਹੈ) (ਚੋਰ ਆਉਂਦਾ ਹੈ ਜਿਸ ਦੇ ਹੱਥ ਵਿਚ ਪਿਸਟਲ ਹੈ, ਉਸ ਨੇ ਮੂੰਹ ਦਾ ਕੁੱਝ ਹਿੱਸਾ ਕੱਪੜੇ ਨਾਲ ਢੱਕਿਆ ਹੋਇਆ ਹੈ ਅਤੇ ਅੱਖਾਂ ਨੰਗੀਆਂ ਹਨ, ਧੁੰਨਾ ਸੁਫ਼ਨੇ ਵਿੱਚ ਬੋਲੀ ਜਾਂਦੀ ਹੈ) |
| **ਧੁੰਨਾ** | : | (ਸੁਫ਼ਨੇ ਵਿਚ) ਠੀਕ ਏ ਟਾਹਲੀਆਂ ਤਾਂ ਮੈਂ ਵੇਚਣੀਆਂ ਨੇ ਹੀ। ਟਾਹਲੀਆਂ ਵੇਖ ਈ ਲਈਆਂ ਤੂੰ, ਪੂਰੇ ਇਲਾਕੇ 'ਚ ਇਵੇਂ ਦੀਆਂ ਟਾਹਲੀਆਂ ਨਹੀਂ ਲੱਭਣੀਆਂ ਕਾਲੀ ਲੱਕੜ ਵਾਲੀਆਂ। ਪੈਸੇ? ਪੂਰੇ ਤੀਹ ਹਜ਼ਾਰ ਲਵਾਂਗਾ ਗਿਣ ਕੇ, ਦਮੜੀ ਘੱਟ ਨਹੀਂ ਲੈਣੀ। ਗੱਲ ਸਾਫ਼ ਏ। ਨਾ ਕੋਈ ਵਿੰਗ ਨਾ ਤੜਿੰਗ। ਦਿਲ ਮੰਨਦੈ ਤਾਂ ਤੀਹ ਹਜ਼ਾਰ ਸੁੱਟ, ਨਹੀਂ ਤਾਂ ਔਹ ਜਾਂਦੈ ਤੇਰਾ ਰਾਹ..... ਹਾਂ, ਹਾਂ, ਤੀਹ ਹਜ਼ਾਰ ਈ ਲੈਣੇ ਨੇ। |
| **ਚੋਰ** | : | ਤੈਨੂੰ ਦਿਆਂ ਤੀਹ ਹਜ਼ਾਰ ਗਿਣ ਕੇ.... (ਧੁੰਨੇ ਨੂੰ ਜਾਗ ਆ ਜਾਂਦੀ ਹੈ) |
| **ਧੁੰਨਾ** | : | (ਡਰਦੇ ਹੋਏ) ਕੌਣ? |
| **ਚੋਰ** | : | ਚੋਰ..... ਖ਼ਬਰਦਾਰ! ਜੇ ਚੂੰ ਵੀ ਕੀਤੀ ਤਾਂ ਗੋਲੀ ਆਰ ਪਾਰ ਕਰ ਦਿਆਂਗਾ। |
| **ਧੁੰਨਾ** | : | ਅੱਗੇ ਕਿਹੜਾ ਮੈਂ ਬੜਕਾਂ ਮਾਰਦਾਂ ਪਿਆ। ਨਹੀਂ ਕਰਦਾ ਭਰਾਵਾ ਚੂੰ, ਲੰਘ ਆ ਅੰਦਰ। ਲੈ ਜਾ ਪੰਡਾਂ ਬੰਨ੍ਹ ਕੇ। |
| **ਚੋਰ** | : | ਚੁੱਪ! ਜ਼ਬਾਨ ਬੰਦ ਰੱਖ। |
| **ਧੁੰਨਾ** | : | ਠੀਕ ਏ ਭਰਾਵਾ, ਤੂੰ ਆਪਣਾ ਕੰਮ ਕਰ ਲੈ (ਚੋਰ ਅੰਦਰ ਜਾਂਦਾ ਹੈ) ਵਾਹ ਬਈ ਧੁੰਨਿਆ, ਤੇਰੇ ਘਰ ਕਿਹੜਾ ਕੋਹੇਨੂਰ ਹੀਰਾ ਆ ਗਿਐ, ਜਿਹਨੂੰ ਲੁੱਟਣ ਵਾਸਤੇ ਚੋਰ ਹੱਥ ਵਿੱਚ ਪਿਸਟਲ ਫੜ੍ਹੀ ਆ ਗਿਐ। ਸਾਨੂੰ ਤਾਂ ਇਥੇ ਦਿਨ ਨਹੀਂ ਕੁੱਝ ਲੱਭਦਾ, ਤੈਨੂੰ ਰਾਤ ਨੂੰ ਕਿਹੜਾ ਖ਼ਜ਼ਾਨਾ ਲੱਭ ਪਵੇਗਾ। ਚੋਰਾ! ਤੂੰ ਵੀ ਯਾਦ ਕਰੇਂਗਾ ਕਿਸੇ ਘਰ ਚੋਰੀ ਕਰਨ ਗਿਆ ਸੀ। (ਚੋਰ ਵਾਪਸ ਧੁੰਨੇ ਕੋਲ ਆਉਂਦਾ ਹੈ) ਕਿਉਂ ਭਰਾਵਾ, ਜਲਦੀ ਆ ਗਿਐਂ? ਕੋਈ ਮਾਲ ਸ਼ਾਲ ਹੱਥ ਨਹੀਂ ਲੱਗਾ? |
| **ਚੋਰ** | : | ਹੂੰ ਨੰਗਾਂ ਦਾ ਘਰ! ਇਥੋਂ ਕੀ ਮਿਲਣੈਂ? ਇਸ ਘਰ 'ਚ ਤਾਂ ਸੁਆਹ ਵੀ ਨਹੀਂ। |
| **ਧੁੰਨਾ** | : | ਚੁੱਲਾ ਬਲੇਗਾ ਤਾਂ ਹੀ ਸੁਆਹ ਹੋਵੇਗੀ, ਜਿਹੜੀ ਮੁੱਠ ਹੁੰਦੀ ਏ ਉਹ ਭਾਂਡੇ ਮਾਂਜਣ ਤੇ ਲੱਗ ਜਾਂਦੀ ਏ। ਚਾਰ ਭਾਂਡੇ ਈ ਚੁੱਕ ਕੇ ਲੈ ਜਾ, ਤੇਰੇ ਫੇਰੇ ਦਾ ਕੁੱਝ ਮੁੱਲ ਪੈ ਜਾਏ। |
| **ਚੋਰ** | : | ਭਾਂਡੇ? ਕਿਹੜਾ ਸਿਰਫਿਰਾ ਅੱਜਕਲ੍ਹ ਭਾਂਡਿਆਂ ਦੀ ਚੋਰੀ ਕਰਦੈ? ਭਾਂਡੇ ਸਿਰ 'ਚ ਮਾਰਨੇ ਨੇ। ਗੱਲ ਨੋਟਾਂ ਦੀ ਏ ਸਾਰੀ... **(ਚਲਦਾ)** |

# ਕਾਵਿ-ਕਿਆਰੀ

**(ਲਫ਼ਜ਼ਾਂ ਦੀ ਲੋਏ ਲੋਏ)**

## ਦਿਲ/ਹਰਬਖ਼ਸ਼ ਸਿੰਘ ਟਾਹਲੀ



ਪਿਆਰ ਹੱਥ ਵਿਚ ਫੜਨ ਵਾਲੀ ਚੀਜ਼ ਨਹੀਂ
ਪਿਆਰ ਬੜੀ ਨਾਜ਼ੁਕ ਜਗ੍ਹਾ 'ਤੇ ਵਿਸ਼ਰਾਮ ਕਰਦਾ ਹੈ
ਤੇ ਉਹ ਨਾਜ਼ੁਕ ਜਗ੍ਹਾ ਦਿਲ ਤੋਂ ਬਗੈਰ ਭਲਾ ਕਿਹੜੀ?
ਪਿਆਰ ਨੂੰ ਦਿਲ ਵਿਚ ਸੰਭਾਲ ਕੇ ਰਖੋ ਦੋਸਤੋ।
ਪਿਆਰ ਨੂੰ ਹੱਥ ਵਿਚ ਫੜਨ ਵਾਲੀ ਕੋਸ਼ਿਸ਼
ਮ੍ਰਿਗ ਤ੍ਰਿਸ਼ਨਾ ਦੀ ਚੜ੍ਹਦੀ ਸਵੇਰ ਵਾਂਗ ਹੈ।
ਪਿਆਰ ਦਿਲ ਦੀਆਂ ਜੜ੍ਹਾਂ ਵਿਚ ਰਚਦਾ ਹੈ
ਅਤੇ ਜਜ਼ਬਾਤਾਂ ਦੇ ਵੱਡੇ-ਵੱਡੇ ਤਣੇ ਉਗਾਉਂਦਾ ਹੈ
ਫਿਰ ਉਨ੍ਹਾਂ ਤਣਿਆਂ ਵਿਚੋਂ ਨਿਕਲਦੀਆਂ ਹਨ
ਸਾਰਥਕ ਰਿਸ਼ਤਿਆਂ ਦੀਆਂ ਟਹਿਣੀਆਂ, ਜੋ ਫੁੱਲਾਂ
ਦੀਆਂ ਗਵਾਹੀਆਂ ਭਰਦੀਆਂ ਹਨ ਅਤੇ ਵੰਡਦੀਆਂ ਹਨ
ਪੂਰੀ ਫਿਜ਼ਾ ਨੂੰ ਰੱਸਦਾਰ ਅਤੇ ਖੁਸ਼ਬੋਦਾਰ ਲੜੀਆਂ।
ਜਿਸ ਦੀ ਹੋਂਦ ਵਿਚ ਚੇਤਨਾ ਅੰਤਰ ਧਿਆਨ
ਅਤੇ ਮਹਿਕ ਮੁਗਧ ਹੋ ਜਾਂਦੀ ਹੈ।
ਅਤੇ ਸਿਰਫ਼ ਅੰਤਰ ਧਿਆਨ ਅਤੇ ਮਹਿਕਾਂ ਮੁਗਧ ਚੇਤਨਾ
ਹੀ ਪਹੁੰਚ ਸਕਦੀ ਹੈ ਅੰਤਰ ਸਮਾਧੀ ਨੂੰ
ਤੇ ਜਿਹੜੀ ਚੇਤਨਾ ਸਮਾਧੀ ਮੁਗਧ ਹੋ ਜਾਂਦੀ ਹੈ
ਉਹ ਸੱਚ ਦੇ ਦੁਆਰ ਵਿਚ ਪ੍ਰਵਾਨ ਚੜ੍ਹਦੀ ਹੈ
ਦਿਲ ਵਿਚ ਸੰਭਾਲੇ ਪਿਆਰ ਦੀ ਪ੍ਰਾਪਤੀ ਕਿੱਡੀ ਵੱਡੀ ਹੈ
ਹੱਥਾਂ ਵਿਚ ਪਿਆਰ ਨੂੰ ਫੜਨ ਵਾਲੇ ਲੋਕ ਕੀ ਜਾਨਣ
ਬਸ, ਪਿਆਰ ਵਿਹੂਣੇ ਦਿਲਾਂ ਨਾਲ ਭਟਕਦੇ ਰਹਿੰਦੇ ਹਨ।

*****

## ਕਵਿਤਾ/ ਫੁੱਲ

**ਸੁਰਿੰਦਰ ਮਕਸੂਦਪੁਰੀ**



ਅਕਸਰ ਗੁਜ਼ਰਦਾ ਹਾਂ ਮੈਂ
ਉਸ ਹੁਸੀਨ ਫੁੱਲਾਂ ਵਾਲੇ
ਬਾਗ਼ ਦੇ ਰਾਹ-ਰਸਤਿਉਂ
ਮਹਿਕਾਂ ਵੰਡਦੇ ਚੌਂਕ-ਚੌਰਸਤਿਉਂ

ਇਕ ਬਸੰਤੀ ਬਹਾਰ ਦੀ ਸਵੇਰੇ
ਸੂਹੇ ਸੰਵੇਦਨਸ਼ੀਲ ਰੰਗ 'ਚ ਖਿੜਦਿਆਂ
ਮੇਰੀ ਮਨ-ਵੇਦਨਾ ਪੜ੍ਹਦਿਆਂ
ਕੰਡਿਆਂ 'ਚ ਘਿਰਿਆ ਗੁਲਾਬ
ਮਿਹਰਬਾਨ ਹੋਇਆ
ਮੇਰੇ ਮਨ ਦਾ ਮਹਿਤਾਬ
ਕੁਰਬਾਨ ਹੋਇਆ
ਤੇ ਮੇਰੇ ਰੂਬਰੂ
ਉਹਦਾ ਫੁਰਮਾਨ ਹੋਇਆ :

ਕਿਉਂ ਮੁੱਖ ਮੋੜਦਾ ਏਂ ਮੈਥੋਂ
ਐ ਰੱਬ ਦੇ ਬੰਦੇ
ਜ਼ਰਾ ਰੁਕ
ਛੱਡ ਦੁਨੀਆ ਦੇ ਧੰਦੇ
ਸੇਵਾ ਲਈ ਹਾਜ਼ਰ ਹਾਂ
ਲੈ ਕੇ, ਮਹਿਕਾਂ ਦਾ ਭੰਡਾਰ
ਸਜਾ ਕੇ, ਰੰਗ-ਬਰੰਗਾ ਸੰਸਾਰ !

ਜ਼ਰਾ ਠਹਿਰ
ਘੜੀ-ਪਲ-ਪਹਿਰ
ਮੇਰੇ ਸਾਥ ਨੂੰ ਮਾਣ
ਮੇਰੀ ਵਫ਼ਾ ਨੂੰ ਪਰਖ
ਸਹਿਜ, ਸੁਹਜ ਨੂੰ ਪਛਾਣ !

ਵੇਖੀਂ ਫਿਰ 'ਮਕਸੂਦਪੁਰੀ'
ਸਿਖ਼ਰਾਂ ਨੂੰ ਛੂਹ ਮਹਿਕੇਗੀ
ਤੇਰੀ ਕਾਵਿ-ਉਡਾਰੀ ਬਹੁਰੰਗੀ
ਅੰਬਰਾਂ ਨੂੰ ਮਿਲ ਟਹਿਕੇਗੀ
ਤੇਰੀ ਕਲਮ ਦੀ ਸੋਚ ਸਤਰੰਗੀ !

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021, ਮੋ. 99887-10234**

*****

## ਕਵਿਤਾ/ ਔਰੰਗਜ਼ੇਬ

**ਰਤਨ ਟਾਹਲਵੀ**



ਇੱਕ ਮਈਨ-ਉਦ-ਦੀਨ ਨੇ
ਬੰਨਿਆ ਜਦ ਸਿਰ 'ਤੇ ਸ਼ਾਹੀ ਤਾਜ
ਤਾਂ
ਖੁਸ਼ੀ ਕੀ ਹੋਣੀ ਸੀ ਫਰਸ਼ੋਂ ਗਏ ਅਰਸ਼ਾਂ ਦੀ ਉਸ ਨੂੰ
ਸਗੋਂ
ਆਪਣੇ ਨਾਮ 'ਤੇ ਨਜ਼ਰ ਮਾਰ

ਹੋਇਆ ਇਵੇਂ ਨਰਾਸ਼
ਜਿਵੇਂ ਕੋਈ ਮੋਰ
ਸੁੰਦਰਤਾ ਦੇ ਹੰਕਾਰ ਵਿਚ ਉਤਰਦਾ ਉਤਰਦਾ
ਜਾਂ ਗੱਡਦਾ ਏ ਆਪਣੀ ਨਜ਼ਰ
ਭੱਦੇ ਪੈਰਾਂ ਦੀ ਬਣਤਰ ਤੇ ਉਹ।
'ਮਈਨ-ਉਦ-ਦੀਨ' ਨੂੰ 'ਮਈਨ-ਉਦ-ਦੀਨ' ਨਾਂ ਹੀ
ਹੀਣ ਭਾਵਨਾ ਨਾਲ ਭਰੀ ਸਖ਼ਸ਼ੀਅਤ ਦਾ ਪ੍ਰਤੀਕ ਲੱਗਿਆ।

ਫਿਰ ਫਰਸ਼ੋਂ ਉੱਠੇ ਅਰਸ਼ੋਂ ਪਹੁੰਚੇ
ਇਸ ਅਦਨੇ ਜਿਹੇ ਮਈਨ-ਉਦ-ਦੀਨ ਨੇ
'ਔਰੰਗਜ਼ੇਬ' ਨੂੰ ਇੱਕ ਦਿਨ
ਦਿੱਤਾ ਜਨਮ ਆਪਣੇ ਹੀ ਅੰਦਰੋਂ।

ਹੰਕਾਰ ਦੀਆਂ ਬੁਲੰਦੀਆਂ ਛੂਹਦਾ
ਔਰੰਗ (ਵੱਡਾ ਤਖ਼ਤ) ਅਤੇ ਜ਼ੇਬ (ਸ਼ੋਭਾ/ਮਾਣ) ਦਾ ਪੁਤਲਾ
ਸਿਰਾਂ ਦੇ ਸਿਰ ਲੱਗਾ ਉਤਾਰਨ
ਆਪਣੇ ਮਾਂ ਜਾਇਆਂ ਦੇ।

ਤੇ
ਫਿਰ ਝਾਕੇ ਦੇ ਪਰਦੇ ਪਾੜਦਾ ਹੋਇਆ
ਹਮਸਾਇਆਂ, ਰੱਬ ਜਾਇਆ ਦੇ ਸਿਰ ਵੀ
ਇੱਕ ਦਿਨ ਲੱਗ ਪਿਆ ਕਰਨ ਕਲਮ।
ਸਿਰ ਸਰਮੱਦ ਦਾ ਹੋਵੇ, ਸਿਰ ਛੋਟੀਆਂ ਮਾਸੂਮ ਜਿੰਦਾਂ ਦਾ ਹੋਵੇ
ਸਿਰ ਹਿੰਦ ਦੀ ਚਾਦਰ ਦਾ ਹੋਵੇ,
ਸਿਰ ਗ਼ੁਜਰੀ ਵਰਗੀ ਕਿਸੇ ਮਾਂ ਦਾ ਹੋਵੇ
ਲਗਦੇ ਸਨ ਉਸ ਨੂੰ
ਹੋਣ ਜਿਵੇਂ
ਉਸ ਦੀ ਤਖ਼ਤ ਦੀ ਸ਼ੋਭਾ (ਔਰੰਗਜ਼ੇਬ) ਦੇ ਬਣੇ ਦਾਅਵੇਦਾਰ
ਅੱਜ ਕੋਈ ਪੁੱਛੇ ਉਸ ਮਈਨ-ਉਦ-ਦੀਨ ਤੋਂ
ਕਿ
ਔਰੰਗ (ਤਖ਼ਤ) ਤਾਂ ਅੱਜ ਵੀ ਕਾਇਮ ਹਨ
ਪਰ ਉਸ ਦੀ ਸ਼ੋਭਾ, ਵਡਿਆਈ ਨੂੰ ਚਾਰ ਚੰਨ ਲਾਉਣ ਵਾਲੇ
ਕਿਥੇ ਹਨ ਖ਼ੂਨੀ ਦਿਮਾਗ਼
ਐ ਮੇਰੇ ਔਰੰਗਜ਼ੇਬ
ਬਾਲ ਕੇ ਦਸ ਆਪਣੇ ਚਰਾਗ਼।

## ਸ਼ਬਦਾਂ ਦੇ ਸੰਜੋਗ

* ਜਿਸ ਨੂੰ ਸਮਝਿਆ ਨਾ ਜਾ ਸਕੇ ਉਸ ਦੇ ਅੱਗੇ ਸਿਰ ਝੁਕਾਉਣ ਨਾਲ ਮਕਸਦ ਪੂਰਾ ਹੋ ਜਾਂਦਾ ਹੈ।
* ਜੋ ਕੋਲੋਂ ਪੈਸੇ ਲਾ ਕੇ ਹੋਰਨਾਂ ਲਈ ਮੌਕੇ ਪੈਦਾ ਕਰਦਾ ਹੈ ਲੋਕ ਉਸ ਦੀ ਵੀ ਨਿੰਦਿਆ ਕਰਨ ਲਈ ਮੌਕੇ ਲੱਭ ਲੈਂਦੇ ਹਨ।
* ਜੇ ਇਹ ਸਮਝ ਲਿਆ ਜਾਵੇ ਕਿ ਅਗਲੇ ਜਨਮ ਵਿਚ ਸੁੱਖ ਮਿਲਣਾ ਹੈ ਤਾਂ ਇਸ ਅਧੂਰੀ ਸਫਲਤਾ ਵਾਲੇ ਜੀਵਨ ਤੋਂ ਲੋਕ ਪਿੱਛਾ ਛੁਡਾਉਣ ਵੇਲੇ ਬਹੁਤੇ ਦੁਖੀ ਨਹੀਂ ਹੁੰਦੇ।
* ਜਿਹੜਾ ਕਦੇ-ਕਦਾਈਂ ਸਟੇਜ਼ 'ਤੇ ਬੋਲੇ ਉਸ ਵਲੋਂ ਹੋਈ ਕਿਸੇ ਵੀ ਗਲਤੀ ਲਈ ਉਸ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ।
* ਲੋਕ ਆਪਣੀਆਂ ਕੀਤੀਆਂ ਗਲਤੀਆਂ ਦੀ ਮੁਆਫ਼ੀ ਨਹੀਂ ਮੰਗਦੇ ਪਰ ਦੂਜਿਆਂ ਵਲੋਂ ਹੋਈਆਂ ਗਲਤੀਆਂ ਦੀਆਂ ਸਜ਼ਾਵਾਂ ਦੇਣ ਲਈ ਤਿਆਰ ਰਹਿੰਦੇ ਹਨ।
* ਜਿਹੜੇ ਆਏ, ਉਨ੍ਹਾਂ ਦਾ ਧੰਨਵਾਦ, ਜਿਹੜੇ ਆ ਨਹੀਂ ਸਕੇ ਉਨ੍ਹਾਂ ਦਾ ਵੀ ਧੰਨਵਾਦ ਤੇ ਜਿਹੜੇ ਜਾਣ ਕੇ ਨਹੀਂ ਆਏ ਉਨ੍ਹਾਂ ਦਾ ਬਹੁਤ ਧੰਨਵਾਦ, ਕਿਉਂਕਿ ਉਨ੍ਹਾਂ ਦੀ ਨਰਾਜ਼ਗੀ ਨਵੇਂ ਚੈਲੰਜ ਖੜ੍ਹੇ ਕਰੇਗੀ।
* ਚੁਗਲੀਆਂ ਕਰਨ ਲਈ ਔਰਤਾਂ ਬਦਨਾਮ ਹਨ ਪਰ ਮਰਦ ਚੁਗਲੀਆਂ ਵਿਚ ਜ਼ਿਆਦਾ ਵਿਆਸਥ ਰਹਿੰਦੇ ਹਨ। ਦੁਨੀਆਂ ਦੇ ਜਿੰਨੇ ਵੀ ਝਮੇਲੇ ਹਨ ਇਹ ਮਰਦ ਵੱਲੋਂ ਕੀਤੀਆਂ ਚੁਗਲੀਆਂ ਦੇ ਨਤੀਜੇ ਹਨ।
* ਜਦੋਂ ਤੁਹਾਨੂੰ ਕੋਈ ਬੰਦਾ ਪਸੰਦ ਨਾ ਕਰਦੇ ਹੋਵੇ, ਉਸ ਨਾਲ ਧੱਕੋ-ਧੱਕੀ ਨੇੜਤਾ ਬਣਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ। ਜਾਂ ਉਹ ਤੁਹਾਡਾ ਨੁਕਸਾਨ ਕਰ ਦੇਵੇਗਾ ਤੇ ਜਾਂ ਤੁਸੀਂ ਉਸ ਦਾ ਨੁਕਸਾਨ ਕਰ ਦੇਵੋਗੇ।
* ਕਾਲ਼ੀ ਸਿਆਹੀ ਨਾਲ ਕਾਲ਼ੇ ਲੇਖ ਵੀ ਲਿਖੇ ਜਾਂਦੇ ਹਨ ਅਤੇ ਪ੍ਰਕਾਸ਼ਵਾਨ ਸ਼ਬਦ ਵੀ ਲਿਖੇ ਜਾਂਦੇ ਹਨ।

---


**(ਸਫ਼ਾ 26 ਦੀ ਬਾਕੀ)**

**ਉੱਤਰ** - (1) **ੲ** (2) **ਅ** (3) **ੳ** (4) **ਸ** (5) **ੳ** (6) **ਅ** (7) **ਸ** (8) **ੲ** (9) **ਅ** (10) **ਸ**

---



# MATRIMONIAL



**SUITABLE MATCH WANTED FOR LOBANA GURSIKH SOFTWARE ENGINEER BOY, HT 6' BORN IN 1994. PARMANENT CITIZEN OF SPAIN, WHOLE FAMILY SETTELED IN SPAIN. ANNESTORAL PROPERTY IN VILLAGE ON MIANI, DASUYA ROAD. AMRITDHARI PARENTS. ONE SISTER MARRIED ALSO SETTELED IN SPAIN. CONTACT : 95015-28997, 98141-28181, WHATSAPP NO. 0034662233238**

* * * * *

**GAURAV PAL SINGH D.O.B- 26 NOVEMBER 1993, AGE- 28 YEARS, HEIGHT- 6FT, COMPLEXTION- FAIR STATUS- PERMANENT RESIDENT OF CANADA EDUCATION- M-TECH IN CIVIL ENGEERING FROM PTU HOMETOWN- MOHALI, PUNJAB CONTACT NO- 7889282296.**

* * * * *

**WANTED BEAUTIFUL SLIM SOBER AND WELL-EDUCATED BRIDE FOR LUBANA (SIKH) TURBANED BOY DATE OF BIRTH 26 DECEMBER 1992, HEIGHT 5-7" INCH B.COM (ACCOUNTANCY) IN INDIA AND RETAIL MANAGEMENT AND BUSINESS IN NEWZEALAND WORKING AS DRIVER IN REPUTED FIRM AT QUEENS TOWN NEW ZEALAND-9 FATHER RETIRED AS SUBEDAR MOTHER HOUSEMAKER AND YOUNGER BROTHER IN CANADA PRESENTLY ON WORK PERMIT FAMILY HAS OWN HOUSE AND PROPERTY CONTACT- 7015122115, 9050403538.**

* * * * *

**LOOKING FOR SUITABLE MATCH FOR LUBANA HINDU GIRL AGE-29, HEIGHT- 5'1" EDUCATION MSC (MATHS), PGDM FROM TORONTO, WORKING PROFESSIONAL STATUS PERMANENT RESIDENT IN CANADA HOMETOWN CHANDIGARH CONTACT NO. -9465226605, 9417037440.**

* * * * *

**WANTED BEAUTIFUL SLIM SOBER AND WELL EDUCATED BRIDEPREFERABLY DOING JOB FOR LUBANA (SIKH ) AMRITDHARI TURBANED BOY DATE OF BIRTH 05.04.1993 HEIGHT -5'6" B.TECH WORKING AS IT PROFESSIONAL AT GURUGRAM FATHER RETIRED CLERK FROM PUNJAB ELECTRICITY BOARD AND MOTHER HOUSEWIFE OWN PROPERTY AT VILLAGE –GHOT POKHAR, DISTT – GURDASPUR CONTACT NUMBER- 7837669800 , 9872448819**

* * * * *

**LOOKING FOR SUTABLE MATCH FOR LUBANA HINDU GIRL, AGE – 29, HEIGHT 5'1", EDUCATION – MSC (MATHS), PGDM FROM TORONTO, WORKING PROFESSIONALLY, STATUS PERMANENT RESIDENCE IN CANADA, HOMETOWN – CHANDIGARH. CONTACT: 9465226605, 9417037440**

* * * * *

**Wanted suitable match for Lobana Doctor boy. Medical officer in Govt hospital.1995 born 5'.7" height. Parents are both in Government service. 10 acre agri.land in Machhiwara area. Having urban property also. One younger brother. Contact : 9465534083.**

* * * * *

## ਬੇਨਤੀ

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।**

**ਅਦਾਰਾ ਲੁਬਾਣਾ ਸੇਵਕ**

# ਦਸੰਬਰ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ: | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ਼੍ਰ: ਹਰਭਜਨ ਸਿੰਘ, ਪ੍ਰਧਾਨ<br>ਬੀ.ਐਮ.ਐਸ.ਐਲ. ਐਫ, ਚੰਡੀਗੜ੍ਹ<br>ਮਕਾਨ ਨੰਬਰ-576, ਮੋਤਾ ਸਿੰਘ ਨਗਰ<br>ਜਲੰਧਰ ਅਤੇ ਗਿਲਜ਼ੀਆਂ, ਜ਼ਿਲ੍ਹਾ- ਹੁਸ਼ਿਆਰਪੁਰ। | 5000 | ਆਈ-1795 | 06.12.2022 |
| 2. | ਪੰਡਿਤ ਰਾਮ ਕੁਮਾਰ, ਨਵਾਂ ਗਾਓਂ<br>ਮੋਹਾਲੀ। | 500 | ਐਨ-366 | 16.12.2022 |
| 3. | ਸ਼੍ਰ: ਐਨ.ਪੀ ਸਿੰਘ<br>ਮਕਾਨ ਨੰਬਰ-2249, ਸੈਕਟਰ-48, ਚੰਡੀਗੜ੍ਹ। | 1100 | ਐਨ-367 | 16.12.2022 |
| 4. | ਸ਼੍ਰ: ਮਨਜੀਤ ਸਿੰਘ ਲੁਬਾਣਾ (ਇੰਚਾਰਜ ਗੁਰੂਘਰ)<br>ਮਕਾਨ ਨੰਬਰ-873, ਫੇਜ-10, ਮੋਹਾਲੀ। | 500 | ਐਨ-368 | 16.12.2022 |
| 5. | ਸ਼੍ਰ: ਹਰਦਿਆਲ ਸਿੰਘ ਘੋਤੜਾ<br>ਮਕਾਨ ਨੰਬਰ-10, ਸੰਗਮ ਐਨਕਲੇਵ<br>ਸੈਕਟਰ-49, ਚੰਡੀਗੜ੍ਹ। | 200 | ਐਨ-369 | 16.12.2022 |
| 6. | ਸ਼੍ਰੀਮਤੀ ਨਰਿੰਦਰ ਕੌਰ<br>ਮਕਾਨ ਨੰਬਰ-2020, ਸੈਕਟਰ-37-ਸੀ, ਚੰਡੀਗੜ੍ਹ। | 200 | ਐਨ-370 | 16.12.2022 |
| 7. | ਸ਼੍ਰ: ਹਰਨੂਰ ਸਿੰਘ<br>ਮਕਾਨ ਨੰਬਰ-2745, ਸੈਕਟਰ-45, ਚੰਡੀਗੜ੍ਹ। | 100 | ਐਨ-371 | 16.12.2022 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



ਨਵਾਂ ਸਾਲ 2023 ਸਮੇਂ ਚੰਡੀਗੜ੍ਹ ਭਵਨ ਵਿਖੇ 1.1.2023 ਨੂੰ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਅਤੇ ਅਨੰਦ ਸਾਹਿਬ ਜੀ ਦੇ ਪਾਠ ਸ੍ਰ: ਗੁਰਚਰਨ ਸਿੰਘ ਸੀਨੀਅਰ ਮੀਤ ਪ੍ਰਧਾਨ ਵਲੋਂ ਕਰਵਾਉਣ ਉਪਰੰਤ ਫ਼ਾਊਂਡੇਸ਼ਨ ਦੇ ਮੈਂਬਰਾਂ ਦੀ ਚੰਗੀ ਸਿਹਤ, ਤਰੱਕੀ ਅਤੇ ਜੀਵਨ ਵਿਚ ਕਾਮਯਾਬੀ ਲਈ ਅਤੇ ਸਰਬੱਤ ਦੇ ਭਲੇ ਲਈ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ ਗਈ

ਵਰਕਿੰਗ ਕਮੇਟੀ ਮੈਂਬਰ ਸਾਹਿਬਾਨਾਂ ਦੀ ਮੀਟਿੰਗ ਮਿਤੀ 20-12-2022 ਨੂੰ ਕਾਨਫਰੰਸ ਹਾਲ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਕਰਦੇ ਹੋਏ



Regd No. 32212/78 Postal No.-- G/CHD/0111/2018-2020




# ਖੁਸ਼-ਆਮਦੀਦ ਨਵਾਂ ਸਾਲ 2023



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਰੇ ਮੈਂਬਰਾਂ ਵੱਲੋਂ ਸਮੁੱਚੀ ਪੰਜਾਬੀਅਤ ਨੂੰ ਨਵਾਂ ਸਾਲ-2023 ਦੀਆਂ ਲੱਖ-ਲੱਖ ਮੁਬਾਰਕਾਂ! ਨਵਾਂ ਸਾਲ ਆਪ ਸਭ ਲਈ ਖੁਸ਼ੀਆਂ, ਤਰੱਕੀਆਂ, ਤੰਦਰੁਸਤੀਆਂ ਭਰਿਆ ਰਹੇ। ਨਵੇਂ ਵਰ੍ਹੇ ਵਿਚ ਤੁਸੀਂ ਸੁਚੱਜੀ ਜ਼ਿੰਦਗੀ ਬਸਰ ਕਰੋ ਅਤੇ ਸਮਾਜ ਨੂੰ ਬਿਹਤਰ ਬਨਾਉ, ਇਹੀ ਸਾਡੀ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ।

ਇੰਜੀਨੀਅਰ ਹਰਭਜਨ ਸਿੰਘ
ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ